Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 142 | Wednesday, July 20, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਟੋਰਾਂਟੋ ਤੇ ਓਟਵਾ ਦੇ ਮੇਅਰਜ਼ ਨੂੰ ਫੋਰਡ ਦੇਣਗੇ ਵਿਸ਼ੇਸ਼ ਸ਼ਕਤੀਆਂ !



ਓਨਟਾਰੀਓ, 19 ਜੁਲਾਈ (ਪੋਸਟ ਬਿਊਰੋ) : ਇੱਕ ਰਿਪੋਰਟ ਮੁਤਾਬਕ ਪ੍ਰੀਮੀਅਰ ਡੱਗ ਫੋਰਡ ਵੱਲੋਂ ਅਮਰੀਕਾ ਦੇ ਸਟਾਈਲ ਵਾਲੀਆਂ ਸ਼ਕਤੀਆਂ ਰਾਹੀਂ ਟੋਰਾਂਟੋ ਤੇ ਓਟਵਾ ਦੇ ਮੇਅਰਜ਼ ਦੇ ਹੱਥ ਮਜ਼ਬੂਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਅਹਿਮ ਮੁੱਦਿਆਂ ਉੱਤੇ ਸਿਟੀ ਕਾਊਂਸਲਰਜ਼ ਦੀ ਰਾਇ ਵੀ ਸੀਮਤ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ।

ਜਾਣਕਾਰ ਸੂਤਰ ਵੱਲੋਂ ਫੋਰਡ ਦੀ ਇਸ ਯੋਜਨਾ ਦੀ ਪੁਸ਼ਟੀ ਕੀਤੀ ਗਈ ਪਰ ਇਹ ਵੀ ਦੱਸਿਆ ਗਿਆ ਕਿ ਅਜੇ ਕੈਬਨਿਟ ਕੋਲ ਕੁੱਝ ਨਹੀਂ ਗਿਆ ਤੇ ਇਸ ਯੋਜਨਾ ਵਿੱਚ ਤਬਦੀਲੀ ਵੀ ਹੋ ਸਕਦੀ ਹੈ। ਦ ਸਟਾਰ ਅਨੁਸਾਰ ਮੇਅਰਜ਼ ਦੀਆਂ ਅਹਿਮ ਸ਼ਕਤੀਆਂ ਸਿਰਫ ਓਟਵਾ ਤੇ ਟੋਰਾਂਟੋ ਦੇ ਮੇਅਰਜ਼ ਨੂੰ ਹੀ ਹਾਸਲ ਹੋਣਗੀਆਂ ਤੇ ਇਨ੍ਹਾਂ ਬਾਰੇ ਆਉਣ ਵਾਲੇ ਹਫਤਿਆਂ ਵਿੱਚ ਜਾਣਕਾਰੀ ਸਾਹਮਣੇ ਆਵੇਗੀ।

ਜੇ ਅਜਿਹਾ ਹੁੰਦਾ ਹੈ ਤਾਂ ਸਬੰਧਤ ਮੇਅਰ ਬਜਟ ਸਬੰਧੀ ਅਹਿਮ ਫੈਸਲੇ ਕਾਊਂਸਲ ਦੇ ਸਮਰਥਨ ਤੋਂ ਬਿਨਾਂ ਲੈ ਸਕਣਗੇ।

## ਜਿਨਸੀ ਹਮਲੇ ਵਰਗੇ ਦਾਅਵਿਆਂ ਨੂੰ ਸੈਟਲ ਕਰਨ ਲਈ ਰੱਖੇ ਫੰਡ ਕਾਰਨ ਹਾਕੀ ਕੈਨੇਡਾ 'ਤੇ ਵਰ੍ਹੇ ਟਰੂਡੋ



ਬ੍ਰਿਟਿਸ਼ ਕੋਲੰਬੀਆ, 19 ਜੁਲਾਈ (ਪੋਸਟ ਬਿਊਰੋ) :ਹਾਕੀ ਕੈਨੇਡਾ ਦੀ ਨਿਖੇਧੀ ਕਰਦੇ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਸ਼ਬਦਾਂ ਨੂੰ ਮਿੱਠੀ ਚਾਸ਼ਨੀ ਵਿੱਚ ਲਪੇਟਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਬੱਸ ਉਨ੍ਹਾਂ ਆਖਿਆ ਕਿ ਇਹ ਗੱਲ ਸਵੀਕਾਰਨਯੋਗ ਨਹੀਂ ਹੈ ਕਿ ਜਿਨਸੀ ਹਮਲੇ ਵਰਗੇ ਦਾਅਵਿਆਂ ਨੂੰ ਸੈਟਲ ਕਰਨ ਲਈ ਹਾਕੀ ਕੈਨੇਡਾ ਕੋਲ ਬਾਕ-ਾਇਦਾ ਇੱਕ ਫੰਡ ਹੈ।

ਮੰਗਲਵਾਰ ਨੂੰ ਬੋਵਨ ਆਈਲੈਂਡ, ਬੀਸੀ ਉੱਤੇ ਪ੍ਰਸ਼ਨਾਂ ਦੇ ਜਵਾਬ ਦਿੰਦਿਆਂ ਟਰੂਡੋ ਨੇ ਆਖਿਆ ਕਿ ਇਸ ਤੋਂ ਬਾਅਦ ਇਹ ਵੇਖਣਾ ਮੁਸ਼ਕਲ ਹੋਵੇਗਾ ਕਿ ਸਾਡੇ ਦੇਸ਼ ਵਿੱਚ ਕਿਸੇ ਨੂੰ ਵੀ ਹਾਕੀ ਕੈਨੇਡਾ ਉੱਤੇ ਯਕੀਨ ਕਿਵੇਂ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਉਹ ਸਮਝ ਸਕਦੇ ਹਨ ਕਿ ਸਾਡੀ ਸਰਦ ਰੁੱਤ ਦੀ ਖੇਡ ਪ੍ਰਤੀ ਕਈ ਮਾਪੇ ਤੇ ਕੈਨੇਡੀਅਨ ਕਿੰਨਾ ਮਾਣ ਕਰਦੇ ਹਨ ਤੇ ਜੋ ਕੁੱਝ ਹੁਣ ਵਾਪਰ ਰਿਹਾ ਹੈ ਉਸ ਕਾਰਨ ਉਨ੍ਹਾਂ ਨੂੰ ਕਿੰਨੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਟਰੂਡੋ ਦੀਆਂ ਇਹ ਟਿੱਪਣੀਆਂ ਉਸ ਸਮੇਂ ਆਈਆਂ ਜਦੋਂ ਇਹ ਪਤਾ ਲੱਗਿਆ ਕਿ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਫੀਸ ਰਾਹੀਂ ਵਿੱਤੀ ਮਦਦ ਨਾਲ ਬਹੁ ਕਰੋੜੀ ਫੰਡ ਉਚੇਚੇ ਤੌਰ ਉੱਤੇ ਰੱਖਿਆ ਗਿਆ ਹੈ ਜਿਸ ਦੀ ਵਰਤੋਂ ਇੰਸ਼ੋਰੈਂਸ ਕੰਪਨੀ ਦੀ ਸ਼ਮੂਲੀਅਤ ਤੋਂ ਬਿਨਾਂ ਜਿਨਸੀ ਹਮਲੇ ਵਰਗੇ ਕਥਿਤ ਮਾਮਲਿਆਂ ਨੂੰ ਸੈਟਲ ਕਰਨ ਲਈ ਕੀਤੀ ਜਾਂਦੀ ਰਹੀ ਹੈ। ਇੱਥੇ ਹੀ ਬੱਸ ਨਹੀਂ ਇਸ ਲਈ ਕਿਸੇ ਦੀ ਜਵਾਬਦੇਹੀ ਵੀ ਤੈਅ ਨਹੀਂ ਹੈ। ਇਹ ਵੀ ਪਤਾ ਲੱਗਿਆ ਹੈ ਕਿ ਇਹ ਰਾਖਵਾਂ ਫੰਡ ਪਿਛਲੇ ਕੁੱਝ ਸਾਲਾਂ ਵਿੱਚ 15 ਮਿਲੀਅਨ ਡਾਲਰ ਤੋਂ ਵੀ ਟੱਪ ਚੁੱਕਿਆ ਹੈ ਪਰ ਹਾਕੀ ਕੈਨੇਡਾ ਦੀ ਸਾਲਾਨਾ ਰਿਪੋਰਟ ਵਿੱਚ ਇਹ ਵੇਰਵਾ ਨਹੀਂ ਦਿੱਤਾ ਗਿਆ ਕਿ ਇਸ ਫੰਡ ਨੂੰ ਆਪਰੇਟ ਕਿਵੇਂ ਕੀਤਾ ਜਾਂਦਾ ਹੈ। ਟਰੂਡੋ ਨੇ ਆਖਿਆ ਕਿ ਮਈ ਵਿੱਚ ਇਸ ਤਰ੍ਹਾਂ ਦੇ ਦੋਸ਼ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਨੇ ਹਾਕੀ ਕੈਨੇਡਾ ਲਈ ਫੰਡ ਰੋਕ ਦਿੱਤੇ ਸਨ। ਪਿਛਲੇ ਮਹੀਨੇ ਵੀ ਕਈ ਕਾਰਪੋਰੇਸ਼ਨਜ਼ ਵੱਲੋਂ ਹੱਥ ਪਿੱਛੇ ਖਿੱਚ ਲਏ ਜਾਣ ਤੋਂ ਬਾਅਦ ਕਈ ਫੰਡ ਰੋਕ ਦਿੱਤੇ ਗਏ।

## ਚਾਰ ਪ੍ਰੋਵਿੰਸਾਂ ਲਈ ਜਾਰੀ ਕੀਤੀ ਗਈ ਹੀਟ ਵਾਰਨਿੰਗ



ਓਨਟਾਰੀਓ, 19 ਜੁਲਾਈ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਮੰਗਲਵਾਰ ਨੂੰ ਓਨਟਾਰੀਓ, ਮੈਨੀਟੋਬਾ, ਸਸਕੈਚਵਨ ਤੇ ਕਿਊਬਿਕ ਲਈ ਹੀਟ ਵਾਰਨਿੰਗ ਜਾਰੀ ਕੀਤੀ ਗਈ।

ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਓਨਟਾਰੀਓ ਦੇ ਉੱਤਰਪੱਛਮੀ ਤੇ ਉੱਤਰਪੂਰਬੀ ਹਿੱਸਿਆਂ ਵਿੱਚ ਤਾਪਮਾਨ ਦੇ 30 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ। ਹਵਾ ਵਿੱਚ ਨਮੀ ਹੋਣ ਕਾਰਨ ਇਹ ਤਾਪਮਾਨ 30 ਡਿਗਰੀ ਤੋਂ ਉੱਪਰ ਮਹਿਸੂਸ ਹੋ ਸਕਦਾ ਹੈ। ਓਨਟਾਰੀਓ ਦੇ ਦੱਖਣਪੱਛਮੀ ਤੇ ਦੱਖਣਪੂਰਬੀ ਹਿੱਸਿਆਂ ਵਿੱਚ ਵੀ ਇਹੋ ਸਥਿਤੀ ਬਣੇ ਰਹਿਣ ਦੀ ਸੰਭਾਵਨਾ ਹੈ।

ਇਸ ਹੀਟ ਵਾਰਨਿੰਗ ਦੇ ਚੱਲਦਿਆਂ ਲੋਕਾਂ ਨੂੰ ਠੰਡਾ ਰੱਖਣ ਲਈ ਸਿਟੀ ਆਫ ਟੋਰਾਂਟੋ ਵੱਲੋਂ ਸੱਤ ਪੂਲਜ਼ ਨੂੰ ਅੱਧੀ ਰਾਤ ਤੱਕ ਖੁੱਲ੍ਹਾ ਰੱਖਿਆ ਜਾਵੇਗਾ। ਉੱਤਰੀ ਮੈਨੀਟੋਬਾ ਵਿੱਚ ਵੀ ਹੀਟ ਵਾਰਨਿੰਗ ਜਾਰੀ ਰਹਿਣ ਦੀ ਸੰਭਾਵਨਾ ਹੈ।ਐਨਵਾਇਰਮੈਂਟ ਕੈਨੇਡਾ ਵੱਲੋਂ ਲਿਟਨ, ਬੀਸੀ ਦੇ ਆਲੇ ਦੁਆਲੇ ਦੇ ਇਲਾਕੇ ਲਈ ਵੀ ਏਅਰ ਕੁਆਲਿਟੀ ਬਿਆਨ ਜਾਰੀ ਕੀਤਾ ਗਿਆ ਹੈ। ਇੱਥੇ ਜੰਗਲ ਦੀ ਅੱਗ 20 ਸਕੁਏਅਰ ਕਿਲੋਮੀਟਰ ਤੱਕ ਫੈਲੀ ਹੋਈ ਹੈ।

ਸਸਕੈਚਵਨ ਵਿੱਚ ਹੀਟ ਵਾਰਨਿੰਗ ਸੈਂਟਰਲ ਤੇ ਉੱਤਰੀ ਰੀਜਨ ਲਈ ਜਾਰੀ ਕੀਤੀ ਗਈ ਹੈ। ਸਸਕੈਚਵਨ ਦੇ ਕਈ ਹਿੱਸਿਆਂ ਵਿੱਚ ਐਤਵਾਰ ਨੂੰ ਗੜੇਮਾਰੀ ਹੋਈ ਤੇ ਭਾਰੀ ਮੀਂਹ ਪਏ।ਸੋਮਵਾਰ ਰਾਤਭਰ ਪਏ ਮੀਂਹ ਕਾਰਨ ਰੇਜਾਈਨਾ ਦੇ ਕਈ ਹਿੱਸਿਆਂ ਵਿੱਚ ਹੜ੍ਹ ਆ ਗਏ। ਹੀਟ ਤੇ ਨਮੀ ਕਾਰਨ ਦੱਖਣੀ ਕਿਊਬਿਕ ਦੇ ਕਈ ਹਿੱਸਿਆਂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੀ ਵੱਧ ਮਹਿਸੂਸ ਹੋਇਆ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR HOME & APPLIANCES
UPGRADE TO 4 DOOR FRIDGE $99
JULY BOXING WEEK
$4799 PLUS TAX
Unit #1, 241 Clarence, St Brampton, On L6W 3E7, (416) 551 3343 | 44 Fosken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2244 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਹਾਦਸੇ ਵਿੱਚ ਇੱਕ ਹਲਾਕ ਇੱਕ ਜ਼ਖ਼ਮੀ

ਮਿਸੀਸਾਗਾ, 19 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਹਾਈਵੇਅ 401 ਉੱਤੇ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।




ਇਹ ਹਾਦਸਾ ਡਿਕਸੀ ਰੋਡ ਦੇ ਪੂਰਬ ਵੱਲ ਹਾਈਵੇਅ ਦੀਆਂ ਪੂਰਬ ਵਾਲੀਆਂ ਐਕਸਪ੍ਰੈੱਸ ਲੇਨਜ਼ ਉੱਤੇ ਤੜਕੇ 4:00 ਵਜੇ ਤੋਂ ਬਾਅਦ ਵਾਪਰਿਆ।ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚ ਇੱਕ ਹਾਦਸਾ ਵਾਪਰਨ ਕਾਰਨ ਟਰੈਫਿਕ ਨੂੰ ਥੋੜ੍ਹਾ ਮੱਠੀ ਰਫਤਾਰ ਨਾਲ ਤੋਰਿਆ ਜਾ ਰਿਹਾ ਸੀ ਤੇ ਇਸ ਦੌਰਾਨ ਇੱਕ ਕਾਰ ਟਰਾਂਸਪੋਰਟ ਟਰੱਕ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ।

ਓਪੀਪੀ ਨੇ ਦੱਸਿਆ ਕਿ ਐਸਯੂਵੀ ਵਿੱਚ ਸਵਾਰ ਮਹਿਲਾ ਪੈਸੈਂਜਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਪੁਰਸ਼ ਡਰਾਈਵਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਟਰਾਂਸਪੋਰਟ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ ਹੈ।

## ਰਾਜਧਾਨੀ ਦਿੱਲੀ ਵਿਚ ਹਸਪਤਾਲ ਦੇ ਬਾਹਰ ਕੱਪੜੇ ਦਾ ਓਹਲਾ ਕਰ ਕੇ ਔਰਤ ਦੀ ਡਿਲੀਵਰੀ ਕਰਵਾਈ

ਨਵੀਂ ਦਿੱਲੀ, 19 ਜੁਲਾਈ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚਲੇਸਫਦਰਜੰਗ ਹਸਪਤਾਲ ਦੇ ਬਾਹਰ ਇੱਕ ਔਰਤ ਦੀ ਡਿਲੀਵਰੀ ਦੀ ਵੀਡੀਓ ਪਤਾ ਲੱਗਣ ਪਿੱਛੋਂਦਿੱਲੀ ਮਹਿਲਾ ਕਮਿਸ਼ਨ ਨੇ ਇਸ ਕੇਸਵਿੱਚ ਹਸਪਤਾਲ ਨੂੰ ਨੋਟਿਸ ਜਾਰੀ ਕੀਤਾ ਅਤੇਇਸ ਮਹਿਲਾ ਨੂੰ ਦਾਖ਼ਲ ਨਾ ਕਰਨਬਾਰੇ ਹਸਪਤਾਲ ਤੋਂ ਜਵਾਬ ਮੰਗਿਆ ਹੈ।

ਵਰਨਣ ਯੋਗ ਹੈ ਕਿ ਦਿੱਲੀ ਮਹਿਲਾ ਕਮਿਸ਼ਨ ਨੂੰ ਸਫਦਰਜੰਗ ਹਸਪਤਾਲ ਦੇ ਅਹਾਤੇਵਿੱਚ ਔਰਤ ਦੀ ਤਕਲੀਫ ਨੂੰ ਜ਼ਾਹਰ ਕਰਦਾ ਇੱਕ ਵੀਡੀਓ ਮਿਲਿਆ ਸੀ, ਜਿਸ ਪਿੱਛੋਂ ਨੋਟਿਸ ਜਾਰੀ ਕਰਕੇ ਹਸਪਤਾਲ ਦੀ ਮੈਨੇਜਮੈਂਟ ਨਾਲ ਸਖਤ ਨਾਰਾਜ਼ਗੀ ਜ਼ਾਹਰ ਕਰਦੇ ਹਾਲਤ ਬਾਰੇ ਜਵਾਬ ਮੰਗਿਆ ਗਿਆ ਹੈ। ਪਤਾ ਲੱਗਾ ਹੈ ਕਿ ਵੀਡੀਓਵਿੱਚ ਗਰਭਵਤੀ ਔਰਤ ਨੂੰ ਕੁਝ ਔਰਤਾਂ ਨਾਲ ਘਿਰਿਆ ਦੇਖਿਆ ਗਿਆ, ਜਿਹੜੀਆਂ ਉਸ ਦੀ ਡਿਲੀਵਰੀਲਈ ਮਦਦ ਕਰ ਰਹੀਆਂ ਹਨ। ਵੀਡੀਓਵਿੱਚ ਇੱਕ ਔਰਤ ਹਸਪਤਾਲ ਉੱਤੇ ਦਾਖਲ ਨਾ ਹੋਣ ਦਾ ਦੋਸ਼ ਲਾ ਰਹੀ ਹੈ। ਗਰਭਵਤੀ ਔਰਤ ਪੂਰੀ ਰਾਤ ਹਸਪਤਾਲ ਦੇ ਬਾਹਰ ਬੈਠੀ ਰਹੀ, ਪਰ ਨਾ ਹਸਪਤਾਲ ਨੇ ਦਾਖਲ ਕੀਤਾਅਤੇ ਨਾ ਡਾਕਟਰਾਂ ਨੇ ਕੋਈ ਮਦਦ ਕੀਤੀ।ਮਹਿਲਾ ਕਮਿਸ਼ਨ ਨੇ ਹਸਪਤਾਲ ਨੂੰ ਔਰਤ ਦੀ ਨਾਜ਼ੁਕ ਹਾਲਤ ਦੇ ਬਾਵਜੂਦ ਦਾਖ਼ਲ ਕਰਨ ਤੋਂ ਨਾਂਹ ਕਰਨ ਦਾ ਕਾਰਨ ਦੱਸਣ ਲਈ ਕਿਹਾ ਹੈ, ਜਿਸ ਕਰ ਕੇ ਹਸਪਤਾਲ ਦੀ ਇਮਾਰਤ ਦੇ ਬਾਹਰ ਬੱਚੇ ਦਾ ਜਣੇਪਾ ਹੋਇਆ ਹੈ।

## ਆਪ ਪਾਰਟੀ ਦੇ ਐੱਮ ਪੀਜ਼ ਨੂੰ ਪੰਜਾਬ ਦੀ ਥਾਂ ਅਰਵਿੰਦ ਕੇਜਰੀਵਾਲ ਦਾ ਵੱਧ ਫਿਕਰ ਹੈ: ਬਾਜਵਾ

ਗੁਰਦਾਸਪੁਰ, 19 ਜੁਲਾਈ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਿੰਗਾਪੁਰ ਜਾਣ ਲਈ ਮਨਜ਼ੂਰੀ ਨਾ ਮਿਲਣ ਦੇ ਮੁੱਦੇਤੋਂ ਪੰਜਾਬ ਦੇ ਰਾਜ ਸਭਾ ਮੈਂਬਰਾਂ ਵੱਲੋਂ ਦਿੱਲੀ ਦੇ ਪਾਰਲੀਮੈਂਟ ਮੈਂਬਰਾਂ ਨਾਲ ਮਿਲ ਕੇ ਰੋਸ ਪ੍ਰਦਰਸ਼ਨ ਕਰਨ ਨੂੰ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਹਿੱਤਾਂ ਨਾਲ ਧੋਖਾ ਕਰਾਰ ਦਿੱਤਾ ਹੈ।



ਇਸ ਬਾਰੇ ਜਾਰੀ ਕੀਤੇ ਬਿਆਨ ਵਿੱਚ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਹੱਕ ਬਚਾਉਣ ਵਾਲੇ ਵੱਡੇ ਮੁੱਦੇ ਪਾਰਲੀਮੈਂਟਵਿੱਚਚੁੱਕਣੇ ਸਨ, ਪਰ ਪੰਜਾਬ ਦੀ ਨੁਮਾਇੰਦਗੀ ਵਾਲੇ ਆਮ ਆਦਮੀ ਪਾਰਟੀ ਦੇਪਾਰਲੀਮੈਂਟ ਮੈਂਬਰਾਂ ਨੇ ਚੰਡੀਗੜ੍ਹ ਉੱਤੇ ਪੰਜਾਬ ਦਾ ਦਾਅਵਾ, ਪੰਜਾਬ ਯੂਨੀਵਰਸਿਟੀ ਵਾਲੇ ਮੁੱਦੇ, ਐੱਸਵਾਈਐੱਲ ਨਹਿਰ, ਜੀਐੱਸਟੀ ਮੁਆਵਜ਼ਾ ਰੋਕਣ ਕਾਰਨ ਪੈਦਾ ਹੋਏ ਹਾਲਾਤ, ਕਿਸਾਨੀ ਸਮੱਸਿਆਵਾਂ ਸਮੇਤ ਕਈ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਤੇ ਅਰਵਿੰਦ ਕੇਜਰੀਵਾਲ ਦਾ ਦੌਰਾ ਰੋਕਣ ਬਾਰੇ ਬੋਲਦੇ ਰਹੇ ਹਨ। ਕੇਂਦਰ ਸਰਕਾਰ ਦੀ ਅਗਨੀਪਥ ਸਕੀਮ, ਜਿਸ ਨਾਲ ਫੌਜ ਵਿੱਚ ਪੰਜਾਬ ਦੀ ਭਰਤੀ 7.8 ਤੋਂ ਘਟ ਕੇ 2 ਫ਼ੀਸਦੀ ਹੋਵੇਗੀ, ਭਾਖੜਾ ਬਿਆਸ ਮੈਨੇਜਮੈਂਟ ਬੋਰਡਵਿੱਚ ਨੁਮਾਇੰਦਗੀ, ਮਹਿੰਗਾਈ, ਬੇਰੁਜ਼ਗਾਰੀ ਅਤੇ ਸਿੱਧੂ ਮੂਸੇਵਾਲਾ ਦੇ ਗੀਤ ਉੱਤੇ ਪਾਬੰਦੀ ਲਾ ਕੇ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਹੋਏ ਹਮਲੇ ਦੇਅਹਿਮ ਮੁੱਦੇ ਪਾਰਲੀਮੈਂਟਵਿੱਚਚੁੱਕਣ ਦੀ ਥਾਂ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦਾ ਏਜੰਡਾ ਅੱਗੇ ਵਧਾਉਣ ਨੂੰ ਪਹਿਲਦਿੱਤੀ ਹੈ।ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਨ੍ਹਾਂਐੱਮ ਪੀਜ਼ ਨੇ ਸਿੱਧ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਹਿੱਤਾਂ ਨਾਲੋਂ ਕੇਜਰੀਵਾਲ ਦੇ ਹਿੱਤਾਂ ਦੀ ਫਿਕਰ ਵੱਧ ਹੈ।

ਸੀਨੀਅਰ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਾਵੇਂ ਪਾਰਟੀ ਦੇ ਨਿਯਮਾਂ ਤੇ ਹਾਈਕਮਾਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਕੋਈ ਬੁਰਾਈ ਨਹੀਂ, ਪਰ ਪਾਰਲੀਮੈਂਟ ਮੈਂਬਰ ਜਿਹੜੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ, ਉਨ੍ਹਾਂ ਦੇ ਗੰਭੀਰ ਮੁੱਦਿਆਂ ਨੂੰ ਕਿਸੇ ਕੀਮਤ ਉੱਤੇ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

# ਹਰਿਆਣਾ ਵਿੱਚ ਗੈਰ ਕਾਨੂੰਨੀ ਮਾਈਨਿੰਗ ਰੋਕਣ ਗਏ ਡੀ ਐੱਸ ਪੀ ਨੂੰ ਟਿੱਪਰ ਥੱਲੇ ਦੇ ਕੇ ਮਾਰ ਦਿੱਤਾ

### * ਪੁਲਸ ਮੁਕਾਬਲੇ ਵਿੱਚ ਗੋਲੀ ਲੱਗਣ ਪਿੱਛੋਂ ਕਾਤਲ ਗ੍ਰਿਫਤਾਰ

ਗੁਰੂਗ੍ਰਾਮ, 19 ਜੁਲਾਈ, (ਪੋਸਟ ਬਿਊਰੋ)- ਹਰਿਆਣਾਵਿੱਚ ਮਾਫੀਆ ਦੀ ਨਿਡਰਤਾ ਫਿਰ ਉੱਭਰੀ ਹੈ।ਜ਼ਿਲਾ ਨੂਹਵਿੱਚਨਾਜਾਇਜ਼ ਮਾਈਨਿੰਗ ਕਰਨ ਵਾਲੇ ਮਾਫੀਆ ਨੇ ਹਰਿਆਣਾ ਪੁਲਸ ਦੇ ਡੀ ਐੱਸ ਪੀ ਉੱਤੇ ਗੱਡੀ ਚੜ੍ਹਾ ਦਿੱਤੀ, ਜਿਸ ਨਾਲ ਡੀ ਐੱਸ ਪੀ ਸੁਰਿੰਦਰ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਡੀ ਐੱਸ ਪੀ ਸੁਰਿੰਦਰ ਸਿੰਘ ਤਾਵੜੂਵਿੱਚ ਤਾਇਨਾਤ ਸਨ ਅਤੇ ਉਹ ਤਾਵੜੂ ਦੀ ਪਹਾੜੀਤੋਂ ਨਾਜਾਇਜ਼ ਮਾਈਨਿੰਗ ਦੀ ਸੂਚਨਾਮਿਲਣ ਉੱਤੇ ਛਾਪਾ ਮਾਰਨ ਗਏ ਸਨ। ਇਸ ਕਾਰਵਾਈ ਦੌਰਾਨ ਡੀ ਐੱਸ ਪੀ ਸੁਰਿੰਦਰ ਸਿੰਘ ਨੇ ਘਟਨਾ ਵਾਲੀ ਥਾਂ ਉੱਤੇ ਪੱਥਰਾਂ ਨਾਲ ਭਰੇ ਟਿੱਪਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਟਿੱਪਰਦੇ ਡਰਾਈਵਰ ਨੇ ਇਸ ਨੂੰ ਰੋਕਣ ਦੀ ਥਾਂ ਉਨ੍ਹਾਂ ਦੇ ਉੱਤੇ ਚੜ੍ਹਾ ਦਿੱਤਾ, ਜਿਸ ਨਾਲ ਉਨ੍ਹਾਂ ਦੀ ਮੌਕੇ ਉੱਤੇ ਮੌਤ ਹੋ ਗਈ। ਵਾਰਦਾਤ ਮਗਰੋਂ ਦੋਸ਼ੀ ਫਰਾਰ ਹੋ ਗਏ। ਇਸ ਘਟਨਾ ਤੋਂ ਬਾਅਦ ਪੁਲਸ ਵਿੱਚ ਹਫੜਾ-ਦਫੜੀ ਮੱਚ ਗਈ ਅਤੇ ਆਈਜੀ ਅਤੇ ਜ਼ਿਲਾ ਨੂਹ ਦੇ ਐੱਸਪੀ ਮੌਕੇ ਉੱਤੇ ਪਹੁੰਚ ਗਏ ਹਨ ਅਤੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ।

ਸਰਕਾਰੀ ਤੌਰ ਉੱਤੇ ਦੱਸਿਆਗਿਆ ਹੈ ਕਿ ਸਵੇਰੇ ਕਰੀਬ 11 ਵਜੇ ਡੀ ਐੱਸ ਪੀ ਨੂੰ ਨਾਜਾਇਜ਼ ਮਾਈਨਿੰਗ ਹੋਣ ਦੀ ਸੂਚਨਾ ਮਿਲੀ ਤਾਂ ਉਹ ਆਪਣੇ ਸਟਾਫ ਨਾਲ ਉੱਥੇ ਪਹੁੰਚੇ। ਉਨ੍ਹਾਂ ਨੂੰ ਵੇਖ ਕੇ ਉੱਥੇ ਮੌਜੂਦ ਲੋਕਾਂ ਨੇ ਜਦੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੌਰਾਨ ਰਸਤਾ ਰੋਕਦੇਡੀ ਐੱਸ ਪੀ ਨੂੰ ਟਿੱਪਰਦੇ ਨਾਲ ਟੱਕਰ ਮਾਰ ਦਿੱਤੀ।ਘਟਨਾ ਵਾਲੀ ਥਾਂਪਹੁੰਚੇ ਐੱਸਐੱਚਓ ਨੇ ਦੱਸਿਆ ਕਿ ਡੀ ਐੱਸ ਪੀ ਸਿਰਫ ਸਟਾਫ ਨਾਲ ਗਏ ਸਨ, ਉਨ੍ਹਾਂ ਨਾਲ ਪੁਲਸ ਫੋਰਸ ਨਹੀਂ ਸੀ।ਮੌਕੇ ਉੱਤੇ ਮੌਜੂਦ ਇੱਕ ਵਿਅਕਤੀ ਨੇ ਦੱਸਿਆ ਕਿ ਡੀ ਐੱਸ ਪੀ ਆਪਣੀਸਰਕਾਰੀਗੱਡੀ ਕੋਲ ਖੜ੍ਹੇ ਸਨ ਅਤੇ ਉਨ੍ਹਾਂ ਨੇ ਨਾਜਾਇਜ਼ ਮਾਈਨਿੰਗ ਵਾਲੇ ਵਾਹਨ ਨੂੰ ਰੁਕਣ ਨੂੰ ਕਿਹਾ ਤਾਂ ਟਿੱਪਰ ਚਾਲਕ ਨੇ ਗੱਡੀ ਉਨ੍ਹਾਂ ਨੇ ਉੱਤੇ ਚੜ੍ਹਾ ਦਿੱਤੀ।

ਇਸ ਪਿੱਛੋਂ ਅੱਜ ਹਰਿਆਣਾ ਦੇ ਨੂਹ ਖੇਤਰ ਦੇ ਤਾਵੜੂ ਵਿੱਚਡੀ ਐੱਸ ਪੀ ਸੁਰਿੰਦਰ ਸਿੰਘ ਦਾ ਕਤਲ ਦੇ ਦੋਸ਼ੀਆਂ ਨਾਲ ਪੁਲਸ ਦੀ ਟੱਕਰ ਹੋਈ, ਜਿਸਪਿੱਛੋਂ ਇਕ ਦੋਸ਼ੀ ਗ੍ਰਿਫ਼ਤਾਰ ਕਰ ਲਿਆ ਗਿਆ। ਸੀਆਈਏ ਤਾਵੜੂ ਦੀ ਟੀਮ ਅਤੇ ਦੋਸ਼ੀਆਂ ਵਿੱਚ ਮੁਕਾਬਲੇਦੌਰਾਨ ਇੱਕ ਦੋਸ਼ੀ ਦੀ ਲੱਤ ਉੱਤੇ ਗੋਲੀ ਲੱਗਣਪਿੱਛੋਂ ਉਸ ਨੂੰ ਫੜਿਆ ਹੈ।ਹਰਿਆਣਾ ਪੁਲਸ ਦੇ ਡੀਜੀ ਪੀ, ਪੀਕੇ ਅਗਰਵਾਲ ਨੇ ਦੱਸਿਆ ਕਿ ਮੁਕਾਬਲੇਵਿੱਚ ਇਕ ਦੋਸ਼ੀ ਨੂੰ ਗੋਲੀ ਲੱਗਣਪਿੱਛੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਾਕੀ ਕਾਤਲਾਂ ਦੀ ਭਾਲ ਲਈ ਪੁਲਸ ਛਾਪੇਮਾਰ ਰਹੀ ਹੈ।ਪਤਾ ਲੱਗਾ ਹੈ ਕਿ ਡੰਪਰ ਮਾਲਕ ਆਲੇ-ਦੁਆਲੇ ਦੇ ਇਲਾਕੇਵਿੱਚ ਲੁਕੇ ਹੋਏ ਸਨ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਮ੍ਰਿਤਕ ਡੀ ਐੱਸ ਪੀ ਦੇ ਵਾਰਸਾਂ ਨੂੰ ਇੱਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ।





# ਕਿਸਾਨ ਅੰਦੋਲਨ ਵੇਲੇ ਨੌਜਵਾਨ ਨੂੰ ਤਲਵਾਰ ਨਾਲ ਜ਼ਖਮੀ ਕਰਨ ਵਾਲਾ ਨਿਹੰਗ ਦੋਸ਼ੀ ਕਰਾਰ

ਸੋਨੀਪਤ, 19 ਜੁਲਾਈ, (ਪੋਸਟ ਬਿਊਰੋ)-ਕਿਸਾਨ ਅੰਦੋਲਨ ਦੌਰਾਨ ਰਾਜਧਾਨੀ ਦਿੱਲੀ ਦੇ ਕੁੰਡਲੀ ਬਾਰਡਰ ਉੱਤੇਇੱਕ ਨੌਜਵਾਨ ਉੱਤੇ ਤਲਵਾਰ ਨਾਲ ਹਮਲਾ ਕੇ ਉਸ ਨੂੰ ਜ਼ਖਮੀ ਕਰਨ ਵਾਲੇ ਨਿਹੰਗ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਅਤੇ ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜੱਜ ਅਜੇ ਪਰਾਸ਼ਰ ਦੀ ਅਦਾਲਤ ਨੇ 10 ਸਾਲ ਦੀ ਕੈਦ ਅਤੇ 15 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈਹੈ। ਜੁਰਮਾਨਾ ਨਾ ਭਰਿਆ ਤਾਂ 9 ਮਹੀਨੇ ਹੋਰ ਕੈਦ ਕੱਟਣੀ ਹੋਵੇਗੀ।

ਇਸ ਬਾਰੇ ਪਿੰਡ ਕੁੰਡਲੀ ਦੇ ਸ਼ੇਖਰ (21) ਨੇ ਕੁੰਡਲੀ ਥਾਣਾ ਪੁਲਸ ਨੂੰ ਦੱਸਿਆ ਸੀ ਕਿ ਉਹ ਟੀਡੀਆਈ ਮਾਲ ਵਿੱਚ ਮਜ਼ਦੂਰ ਵਜੋਂ ਕੰਮ ਕਰਦਾ ਹੈ। 12 ਅਪ੍ਰੈਲ 2021 ਨੂੰ ਦੁਪਹਿਰ 1 ਵਜੇ ਰਾਤ ਦਾ ਖਾਣਾ ਖਾਣ ਮਗਰੋਂ ਉਹ ਆਪਣੇ ਦੋਸਤ ਸੰਨੀ ਨਾਲ ਕੁੰਡਲੀ ਵਾਲੇ ਟੀਡੀਆਈ ਮਾਲ ਜਾਣ ਲਈ ਬਾਈਕ ਉੱਤੇ ਨਿਕਲਿਆ ਸੀ ਤੇ ਉਸ ਦਾ ਦੋਸਤ ਸੰਨੀ ਬਾਈਕ ਚਲਾ ਰਿਹਾ ਸੀ। ਜਦੋਂ ਉਹ ਆਪਣੇ ਸਾਈਕਲ ਉੱਤੇ ਪਿਆਊ ਮਨਿਆਰੀ ਦੇ ਕੱਟ ਤੋਂ ਐੱਚਐੱਸਆਈਆਈਡੀਸੀ ਵੱਲ ਜਾਣ ਲਈ ਧਰਨੇ ਵਾਲੇ ਕੈਂਪ ਕੋਲੋਂ ਲੰਘ ਰਿਹਾ ਸੀ ਤਾਂ ਕੁਝ ਨਿਹੰਗ ਸਿੰਘਾਂ ਦੀ ਪੁਲਸ ਨਾਲ ਬਹਿਸ ਚੱਲ ਰਹੀ ਸੀ ਤੇ ਰਸਤਾ ਬੰਦ ਸੀ। ਜਦੋਂ ਸੰਨੀ ਬਾਈਕ ਨੂੰ ਕਿਨਾਰੇ ਤੋਂ ਕੱਢਣ ਦਾਯਤਨ ਕਰਨ ਲੱਗਾ ਤਾਂ ਉਸ ਦਾ ਨੀਲੇ ਰੰਗ ਦੇ ਕੱਪੜਿਆਂਵਾਲੇ ਸਿੱਖ ਨੌਜਵਾਨ ਨਾਲ ਰਸਤੇ ਤੋਂ ਝਗੜਾ ਹੋ ਗਿਆ। ਸਿੱਖ ਨੌਜਵਾਨ ਨੇ ਉਸ ਦਾ ਰਾਹ ਰੋਕ ਕੇ ਧਮਕੀ ਦਿੱਤੀ ਕਿ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ। ਉਸ ਕੋਲ ਤਲਵਾਰ ਸੀ। ਦੋਸ਼ੀ ਨੇ ਆਪਣੀ ਪਛਾਣ ਪੰਜਾਬ ਦੇ ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਦੇ ਵਾਸੀ ਮਨਪ੍ਰੀਤ ਵਜੋਂ ਦੱਸੀ ਸੀ। ਉਸ ਨੇ ਨੌਜਵਾਨ ਦੇ ਸਿਰ ਵਿੱਚ ਤਲਵਾਰ ਨਾਲ ਵਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸ਼ੇਖਰ ਨੇ ਸਿਰ ਬਚਾਉਣ ਲਈ ਹੱਥ ਚੁੱਕ ਕੇ ਵਾਰ ਰੋਕਣ ਦਾ ਯਤਨ ਕੀਤਾ। ਇਸ ਨਾਲ ਸ਼ੇਖਰ ਦੇ ਗੁੱਟ ਉੱਤੇ ਤਲਵਾਰ ਲੱਗ ਗਈ। ਸਿੱਖ ਨੌਜਵਾਨ ਨੇ ਦੂਸਰਾ ਵਾਰ ਕਰਨ ਲਈ ਤਲਵਾਰ ਚੁੱਕੀ ਤਾਂ ਉਸ ਨੇ ਉਸ ਨੂੰ ਫੜ ਲਿਆ। ਝਗੜੇ ਵਿੱਚ ਉਸ ਦੇ ਮੋਢੇ ਅਤੇ ਪਿੱਠ ਉੱਤੇ ਸੱਟ ਲੱਗੀ ਸੀ। ਸ਼ੇਖਰ ਤੇ ਸੰਨੀ ਉਥੋਂ ਬਾਈਕ ਲੈ ਕੇ ਨਿਕਲ ਆਏ ਅਤੇ ਸੰਨੀ ਜ਼ਖਮੀ ਸ਼ੇਖਰ ਨੂੰ ਲੈ ਕੇ ਕੁੰਡਲੀ ਦੇ ਨਿੱਜੀ ਹਸਪਤਾਲ ਗਿਆ, ਜਿੱਥੋਂ ਉਸ ਨੂੰ ਜਨਰਲ ਹਸਪਤਾਲ ਤੇ ਬਾਅਦ ਵਿੱਚ ਪੀਜੀਆਈ ਰੋਹਤਕ ਲਿਜਾਇਆ ਗਿਆ। ਕੁੰਡਲੀ ਥਾਣਾ ਦੀ ਪੁਲਸ ਨੇ ਜਿਹੜਾ ਕੇਸ ਦਰਜ ਕੀਤਾ ਸੀ, ਉਸ ਹੇਠ ਪੁਲਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਿਸ ਦੀ ਪਛਾਣ ਦਿੱਲੀ ਦੇ ਗੋਵਿੰਦਪੁਰੀ ਦੀ ਗਲੀ ਨੰਬਰ 13 ਦੇ ਵਸਨੀਕ ਮਨਪ੍ਰੀਤ ਵਜੋਂ ਹੋਈ ਸੀ। ਪੁਲਸ ਨੇ ਉਸ ਨੂੰ ਅਦਾਲਤ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ ਸੀ। ਅੱਜ ਮੰਗਲਵਾਰ ਨੂੰ ਕੇਸ ਦੀ ਸੁਣਵਾਈ ਮੌਕੇ ਐਡੀਸ਼ਨਲ ਸੈਸ਼ਨ ਜੱਜ ਅਜੇ ਪਰਾਸ਼ਰ ਦੀ ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦੇ ਕੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਵਿੱਚ 10 ਸਾਲ ਕੈਦ ਅਤੇ 15000 ਰੁਪਏ ਜੁਰਮਾਨਾ ਕੀਤਾ ਹੈ।


# ਕਾਲੀ ਮਾਤਾ ਮੰਦਰ ਅੱਗੇ ਖਾਲਿਸਤਾਨੀ ਪੋਸਟਰ ਲਾਉਣ ਵਾਲੇ ਦੋ ਜਣੇ ਗ੍ਰਿਫ਼ਤਾਰ

ਪਟਿਆਲਾ, 19 ਜੁਲਾਈ, (ਪੋਸਟ ਬਿਊਰੋ)-ਏਥੋਂ ਦੇ ਪ੍ਰਸਿੱਧਸ਼੍ਰੀ ਕਾਲੀ ਮਾਤਾ ਮੰਦਰ ਦੀ ਕੰਧ ਉੱਤੇ ਖਾਲਿਸਤਾਨ ਪੱਖੀ ਪੋਸਟਰ ਚਿਪਕਾਏ ਜਾਣ ਤੋਂ ਚਾਰ ਦਿਨ ਬਾਅਦ ਪੰਜਾਬ ਪੁਲਿਸ ਨੇ ਅੱਜ ਮੰਗਲਵਾਰ ਨੂੰ ਸਿੱਖਸ ਫਾਰ ਜਸਟਿਸ ਨਾਲ ਜੁੜੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਇਸ ਗੰਭੀਰ ਕੇਸ ਨੂੰ ਹੱਲ ਕਰ ਲਿਆ ਹੈ।



ਵਰਨਣ ਯੋਗ ਹੈ ਕਿ 14 ਅਤੇ 15 ਜੁਲਾਈ ਦੀ ਵਿਚਕਾਰਲੀ ਰਾਤ ਸ੍ਰੀ ਕਾਲੀ ਮਾਤਾ ਮੰਦਰ ਦੇ ਪਿਛਲੀ ਪਾਸੇ ਦੀ ਕੰਧ ਉੱਤੇ'ਖਾਲਿਸਤਾਨ ਰਿਫਿਊਜੀ' ਨਾਲ ਸਬੰਧਤ ਪੋਸਟਰ ਲੱਗਾ ਦੇਖਿਆ ਗਿਆ ਸੀ।ਦੋਸ਼ੀਆਂ ਦੀ ਪਛਾਣ ਹਰਵਿੰਦਰ ਸਿੰਘ ਉਰਫ਼ ਪ੍ਰਿੰਸ ਪਿੰਡ ਸਲੇਮਪੁਰ ਸੇਖਾਂ ਸ਼ੰਭੂ, ਅੱਜਕੱਲ੍ਹ ਵਾਸੀ ਰਾਜਪੁਰਾ ਅਤੇ ਪ੍ਰੇਮ ਸਿੰਘ ਉਰਫ਼ ਪ੍ਰੇਮ ਉਰਫ਼ ਏਕਮ ਪਿੰਡ ਸਲੇਮਪੁਰ ਸੇਖਾਂ ਸ਼ੰਭੂ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਦੋਵਾਂ ਕੋਲੋਂ ਖਾਲਿਸਤਾਨ ਰਿਫਿਊਜੀ ਦੇ 13 ਪੋਸਟਰ, ਦੋ ਮੋਬਾਈਲ ਫੋਨ ਅਤੇ ਅਪਰਾਧ ਕਰਨ ਲਈ ਵਰਤੇ ਗਏ ਮੋਟਰਸਾਈਕਲ ਬਰਾਮਦ ਕੀਤੇ ਹਨ।

ਆਈ ਜੀ ਪਟਿਆਲਾ ਰੇਂਜ ਐਮਐਸ ਛੀਨਾ ਅਤੇ ਐੱਸ ਐੱਸ ਪੀ ਪਾਰਿਕ ਵਿੱਚ ਦੱਸਿਆਹੈ ਕਿ ਕੇਸ ਦੀ ਸਾਰੀ ਜਾਂਚ ਦੀ ਨਿਗਰਾਨੀ ਪੰਜਾਬ ਪੁਲਸ ਦੇ ਡੀਜੀਪੀ ਨੇ ਕੀਤੀਅਤੇ ਜਾਂਚ ਕਰਨ ਲਈ ਵੱਖ-ਵੱਖ ਟੀਮਾਂ ਬਣਾਈਆਂ ਸਨ। ਉਨ੍ਹਾਂ ਦੱਸਿਆ ਕਿ ਤਕਨੀਕੀ ਜਾਂਚ ਤੋਂ ਪਤਾ ਲੱਗਾ ਕਿ ਇਹ ਪੋਸਟਰ ਹਰਵਿੰਦਰ ਉਰਫ਼ ਪ੍ਰਿੰਸ ਅਤੇ ਪ੍ਰੇਮ ਨੇ ਚਿਪਕਾਏ ਸਨ, ਕਿਉਂਕਿ ਵਿਦੇਸ਼ਾਂ ਵਿੱਚ ਬੈਠੇ ਕੁਝ ਦੇਸ਼ ਵਿਰੋਧੀ ਤੱਤਾਂਨੇ ਪੈਸੇ ਬਦਲੇ ਜਾਂ ਵਿਦੇਸ਼ ਵਿੱਚ ਰਿਹਾਇਸ਼ ਦੀ ਪੇਸ਼ਕਸ਼ ਦੇ ਬਦਲੇ ਅਜਿਹੀਆਂ ਗਤੀਵਿਧੀਆਂ ਲਈ ਉਨ੍ਹਾਂ ਨੂੰ ਉਕਸਾਇਆ ਸੀ।

# ਫਲੈਟਾਂ ਉਤੇ ਕਬਜ਼ੇ, ਅਸਲੀ ਮਾਲਕ ਪਤਾ ਨਹੀਂ, ਅਣਜਾਣ ਨੂੰ ਕਿਰਾਇਆ ਦਿੰਦੇ ਹਨ ਲੋਕ

ਜਲੰਧਰ, 19 ਜੁਲਾਈ (ਪੋਸਟ ਬਿਊਰੋ)- ਗੁਰੂ ਅਮਰਦਾਸ ਕਾਲੋਨੀ ਦੇ ਕੋਲ 2010 ਵਿੱਚ ਬਣੇ ਬੀਬੀ ਭਾਨੀ ਕੰਪਲੈਕਸ ਦੇ 264 ਫਲੈਟਾਂ ਵਿੱਚ ਕਈ ਅਜਿਹੇ ਹਨ, ਜਿਨ੍ਹਾਂ ਦੇ ਮਾਲਕਾਂ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਦੇ ਫਲੈਟ ਉੱਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਕਬਜ਼ਾਧਾਰੀ ਨੇ ਅੱਗੇ ਉਸ ਨੂੰ ਕਿਰਾਏ ਉੱਤੇ ਦਿੱਤਾ ਹੋਇਆ ਹੈ। ਇਸ ਬਾਰੇ ਕਿਸੇ ਕਿਰਾਏਦਾਰ ਨੂੰ ਵੀ ਜਾਣਕਾਰੀ ਨਹੀਂ ਕਿ ਫਲੈਟ ਦਾ ਅਸਲ ਮਾਲਕ ਕੌਣ ਹੈ। ਕਿਰਾਏਦਾਰਾਂ ਨੂੰ ਉਦੋਂ ਪਤਾ ਲੱਗਾ, ਜਦੋਂ ਥਾਣਾ-1 ਦੀ ਪੁਲਸ ਨੇ ਜਾਂਚ ਕੀਤੀ ਅਤੇ ਅਸਲ ਮਾਲਕ ਦੇ ਬਾਰੇ ਪਤਾ ਕਰਨਾ ਚਾਹਿਆ।

ਕੁਝ ਕਿਰਾਏਦਾਰਾਂ ਦੇ ਕੋਲ ਨਾ ਮਕਾਨ ਮਾਲਕ ਦਾ ਫੋਨ ਨੰਬਰ ਸੀ ਅਤੇ ਨਾ ਉਨ੍ਹਾਂ ਨੂੰ ਪਤਾ ਸੀ ਕਿ ਮਕਾਨ ਮਾਲਕ ਕਿਥੇ ਰਹਿੰਦੇ ਹਨ। ਸਵਾ ਤਿੰਨ ਏਕੜ ਵਿੱਚ ਬਣੇ ਬੀਬੀ ਭਾਨੀ



ਕੰਪਲੈਕਸ ਵਿੱਚ ਅਲਾਟੀਆਂ ਨੇ ਕਰੀਬ 6 ਲੱਖ ਰੁਪਏ ਦੇ ਕੇ ਫਲੈਟਸ ਲਏ ਸਨ। ਮੁੱਢਲੀਆਂ ਸਹੂਲਤਾਂ ਨਾ ਮਿਲਣ ਕਾਰਨ ਕਿਸੇ ਨੇ ਏਧਰ ਰੁਖ ਨਹੀਂ ਕੀਤਾ ਤੇ ਜ਼ਿਆਦਾਤਰ ਫਲੈਟ ਖਾਲੀ ਪਏ ਹਨ। ਕਈ ਫਲੈਟਾਂ ਉੱਤੇ ਕਬਜ਼ਾ ਹੋ ਚੁੱਕਾ ਹੈ। ਰੈਜੀਡੈਂਟਸ ਬਾਡੀ ਦੇ ਪ੍ਰਧਾਨ ਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਲਗਾਤਾਰ ਅਜਿਹੇ ਫੋਨ ਆਉਂਦੇ ਹਨ ਕਿ ਉਨ੍ਹਾਂ ਦੇ ਫਲੈਟ ਉੱਤੇ ਕਿਸੇ ਦਾ ਕਬਜ਼ਾ ਹੈ ਅਤੇ ਕਿਰਾਏਦਾਰ ਕਿਰਾਏ ਵੀ ਦੇ ਰਹੇ ਹਨ। ਜਾਂਚ ਹੋਈ ਤਾਂ ਪਤਾ ਲੱਗਾ ਕਿ ਕਿਰਾਏਦਾਰ ਸਹੀ ਹੈ, ਪਰ ਜੋ ਕਿਰਾਏ ਲੈਂਦਾ ਹੈ, ਉਸਦਾ ਪਤਾ ਨਹੀਂ।

ਇੰਪਰੂਵਮੈਂਟ ਟ੍ਰਸਟ ਨੇ ਲੈਂਡ ਇਨਹਾਂਸਮੈਂਟ ਦਾ ਨੋਟਿਸ ਜਾਰੀ ਕਰਕੇ ਸਾਰੇ ਅਲਾਟੀਆਂ ਨੂੰ ਧੋਖੇ ਨਾਲ ਫਲੈਟਾਂ ਦਾ ਕਬਜ਼ਾ ਦਿਵਾ ਦਿੱਤਾ ਸੀ। ਇਸ ਬਾਰੇ ਕਿਸੇ ਅਲਾਟੀ ਨੂੰ ਨਹੀਂ ਪਤਾ ਸੀ। 2017 ਵਿੱਚ ਕਾਫੀ ਹੰਗਾਮਾ ਹੋਇਆ ਅਤੇ ਉਸ ਦੇ ਬਾਅਦ ਅਲਾਟੀਆਂ ਨੂੰ ਫਲੈਟਾਂ ਦੇ ਹਾਲਾਤ ਬਾਰੇ ਪਤਾ ਲੱਗਾ। ਫਲੈਟਾਂ ਵਿੱਚ ਰਹਿੰਦੇ ਇੱਕ ਕਿਰਾਏਦ-ਾਰ ਨੇ ਕਿਹਾ ਕਿ ਉਹ 2500 ਰੁਪਏ ਕਿਰਾਇਆ ਦੇ ਕੇ ਰਹਿ ਰਹੇ ਹਨ। ਕਿਰਾਏ ਲੈਣ ਲਈ ਹਰ ਮਹੀਨੇ ਇੱਕ ਗੋਰਖਾ ਆਉਂਦਾ ਹੈ, ਪਰ ਜਦੋਂ ਪੁਲਸ ਨੇ ਫੋਨ ਨੰਬਰ ਮੰਗਿਆ ਤਾਂ ਉਨ੍ਹਾਂ ਕੋਲ ਨੰਬਰ ਨਹੀਂ ਸੀ। ਕਿਰਾਇਆ ਲੈਣ ਆ ਰਹੇ ਬੰਦ ਤੋਂ ਫੋਨ ਨੰਬਰ ਮੰਗਿਆ ਅਤੇ ਕਿਹਾ ਕਿ ਪੁਲਸ ਨੰਬਰ ਮੰਗਦੀ ਹੈ ਤਾਂ ਉਹ ਕਿਰਾਇਆ ਲੈਣ ਨਹੀਂ ਆਇਆ।

# ਤੇਜ਼ ਰਫ਼ਤਾਰ ਟਿੱਪਰ ਹੇਠ ਆ ਕੇ ਬਾਈਕ ਚਾਲਕ ਬਜ਼ੁਰਗ ਦੀ ਮੌਤ

ਸ਼ਾਹਕੋਟ, 19 ਜੁਲਾਈ (ਪੋਸਟ ਬਿਊਰੋ)- ਏਥੋਂ ਨੇੜੇ ਪਿੰਡ ਬੁੱਢਣਵਾਲ ਵਿਖੇ ਕੱਲ੍ਹ ਦੁਪਹਿਰ ਇੱਕ ਤੇਜ਼ ਰਫ਼ਤਾਰ ਟਿੱਪਰ ਹੇਠ ਆਉਣ ਕਾਰਨ ਮੋਟਰਸਾਈਕਲ ਸਵਾਰ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਕੁਲਬੀਰ ਸਿੰਘ (76) ਪੁੱਤਰ ਉਜਾਗਰ ਸਿੰਘ ਪਿੰਡ ਟੁੱਟ ਸ਼ੇਰ ਸਿੰਘ ਦੇ ਪੋਤਾ-ਪੋਤੀ ਸ਼ਾਹਕੋਟ ਦੇ ਇੱਕ ਨਿੱਜੀ ਸਕੂਲ ਵਿਖੇ ਪੜ੍ਹਦੇ ਹਨ। ਰੋਜ਼ ਵਾਂਗ ਕੱਲ੍ਹ ਦੁਪਹਿਰੇ ਕਰੀਬ ਕੁਲਬੀਰ ਸਿੰਘ ਆਪਣੇ ਪੋਤੇ-ਪੋਤੀ ਨੂੰ ਹੀਰੋ ਸਪਲੈਂਡਰ ਮੋਟਰਸਾਈਕਲ ਉੱਤੇ ਸਵਾਰ ਹੋ ਕੇ ਲੈਣ ਜਾ ਰਿਹਾ ਸੀ। ਜਦੋਂ ਉਹ ਪਰਜੀਆਂ ਰੋਡ ਉੱਤੇ ਪਿੰਡ




ਬੁੱਢਵਾਲ ਕੋਲ ਗਿਆ ਤਾਂ ਸ਼ਾਹਕੋਟ ਵੱਲੋਂ ਸਾਹਮਣੇ ਤੋਂ ਆਏ ਬੱਜਰੀ ਨਾਲ ਭਰੇ ਤੇਜ਼ ਰਫਤਾਰ ਟਿੱਪਰ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ। ਹਾਦਸੇ ਦੌਰਾਨ ਬੇਕਾਬੂ ਟਿੱਪਰ ਕੁਲਬੀਰ ਸਿੰਘ ਨੂੰ ਮੋਟਰਸਾਈਕਲ ਸਮੇਤ ਦੂਰ ਤਕ ਘਸੀਟਦਾ ਹੋਇਆ ਸੜਕ ਕਿਨਾਰੇ ਲੱਗੇ ਸਫੈਦੇ ਦੇ ਰੁੱਖ ਵਿੱਚ ਵੱਜਣ ਉਪਰੰਤ ਝੋਨੇ ਦੇ ਖੇਤ ਵਿੱਚ ਪਲਟ ਗਿਆ ਤੇ ਉਸ ਨੂੰ ਅੱਗ ਲੱਗ ਗਈ ਤੇ ਚਾਲਕ ਟਿੱਪਰ ਵਿੱਚੋਂ ਨਿਕਲ ਕੇ ਫਰਾਰ ਹੋ ਗਿਆ। ਰਾਹਗੀਰਾਂ ਨੇ ਫਾਇਰਬ੍ਰਿਗੇਡ ਟੀਮ ਅਤੇ ਡਾਇਲ 108 ਐਂਬੂਲੈਂਸ ਦੇ ਨੂੰ ਸੂਚਿਤ ਕੀਤਾ ਅਤੇ ਝੋਨੇ ਦੇ ਖੇਤ ਵਿੱਚੋਂ ਪਾਣੀ ਪਾ ਕੇ ਟਿੱਪਰ ਦੀ ਅੱਗ ਬੁਝਾਈ। ਫਾਇਰ ਬ੍ਰਿਗੇਡ ਦੇ ਆਉਣ ਤਕ ਲੋਕਾਂ ਨੇ ਅੱਗ ਬੁਝਾ ਕੇ ਮੋਟਰਸਾਈਕਲ ਚਾਲਕ ਨੂੰ ਜਦ ਟਿੱਪਰ ਹੇਠੋਂ ਬਾਹਰ ਕੱਢਿਆ ਤਾਂ ਉਸਦੀ ਮੌਤ ਹੋ ਚੁੱਕੀ ਸੀ। ਐਸ ਐਚ ਓ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੌਕੇ ਉੱਤੇ ਪਹੁੰਚੇ ਅਤੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾ ਦੱਸਿਆ ਕਿ ਹਾਦਸਾਗ੍ਰਸਤ ਵਾਹਨਾ ਨੂੰ ਕਬਜ਼ੇ ਵਿੱਚ ਲੈ ਕੇ ਟਿੱਪਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ।

## ਅੱਜ ਨਾਮਾ

ਘਪਲਾ ਦਿੱਲੀ ਵਿੱਚ ਹੋ ਗਿਆ ਇੱਕ ਸੁਣਦਾ,
ਦੂਸਰਾ ਸੁਣਿਆ ਗਿਆ ਵੱਲ ਬਿਹਾਰ ਮੀਆਂ।
ਮਹਾਰਾਸ਼ਟਰ ਵਿੱਚ ਤੀਸਰਾ ਕਹਿਣ ਹੋਇਆ,
ਚੌਥੇ ਕੀਤੀ ਹੈ ਕਰਨਾਟਕ ਵਿੱਚ ਮਾਰ ਮੀਆਂ।
ਪੰਜਾਬ, ਹਰਿਆਣਾ ਜਾਂ ਸਮਝੀਏ ਹੋਰ ਕੋਈ,
ਹਰ ਥਾਂ ਹੋਈ ਜਾਂਦਾ ਈ ਭ੍ਰਿਸ਼ਟਾਚਾਰ ਮੀਆਂ।
ਲੱਗ ਰਹੀ ਜਾਂਚ ਨਹੀਂ ਕੇਸ ਲਈ ਕਿਸੇ ਪਾਸੇ,
ਵਧ ਗਿਆ ਅਦਾਲਤੀ ਕੇਸਾਂ ਦਾ ਭਾਰ ਮੀਆਂ।
ਅੱਜਕੱਲ੍ਹ ਲੱਖਾਂ ਦੀ ਕੋਈ ਨਹੀਂ ਬਾਤ ਕਰਦਾ,
ਅਰਬ-ਖਰਬਗਿਆ ਕਈਇਹ ਟੱਪ ਮੀਆਂ।
ਵਿੱਚ-ਵਿਚਾਲੇ ਜਦ ਲੱਖਾਂ ਦੀ ਖਬਰ ਸੁਣਦੀ,
ਹਰ ਕੋਈ ਆਖਦਾ, ਹੋਣੀ ਆਹ ਗੱਪ ਮੀਆਂ।

**ਤੀਸ ਮਾਰ ਖਾਂ**

# ਵਿਦੇਸ ਭੇਜਣ ਦੇ ਨਾਂਅ ਉੱਤੇ ਦੋ ਲੱਖ ਦੀ ਠੱਗੀ, ਦੋ ਏਜੰਟ ਗ੍ਰਿਫ਼ਤਾਰ

ਜਲੰਧਰ, 19 ਜੁਲਾਈ (ਪੋਸਟ ਬਿਊਰੋ)- ਥਾਣਾ ਨਵੀਂ ਬਾਰਾਂਦਰੀ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂਅ ਉੱਤੇ ਠੱਗੀ ਮਾਰਨ ਵਾਲੇ ਦੋ ਟ੍ਰੈਵਲ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਲੁਧਿਆਣੇ ਦੇ ਅਮਨਦੀਪ ਸਿੰਘ ਉਰਫ਼ ਰੂਬਲ ਪੁੱਤਰ ਰਜਿੰਦਰ ਸਿੰਘ ਤੇ ਰਾਜਵੀਰ ਸਿੰਘ ਪੁੱਤਰ ਕੁਲਵੰਤ ਸਿੰਘ ਵਜੋਂ ਹੋਈ ਹੈ।

ਇਸ ਬਾਰੇ ਥਾਣਾ ਮੁਖੀ ਰੁਪਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਜਾਗਲੀਵਾਲ, ਚੱਬੇਵਾਲ, ਹੁਸ਼ਿਆਰਪੁਰ ਦੀ ਸਪਨਾ ਪਤਨੀ ਰਛਪਾਲ ਸਿੰਘ ਨੇ ਸ਼ਿਕਾਇਤ ਦਿੱਤੀ ਸੀ ਕਿ ਉਸਦਾ ਪਤੀ ਕੁਵੈਤ ਗਿਆ ਹੈ ਤੇ ਉਸਦਾ ਵੱਡਾ ਲੜਕਾ ਪਰਮੀਤ ਸਿੰਘ ਮਾਲਟਾ ਜਾਣਾ ਚਾਹੁੰਦਾ ਸੀ, ਇਸ ਲਈ ਉਹ ਜਲੰਧਰ ਦੇ ਵਾਸਲ ਟਾਵਰ ਵਿੱਚ ਚੱਲਦੀ ਈ ਸੀ ਗਲੋਬਲ ਕੰਪਨੀ ਦੇ ਟ੍ਰੈਵਲ ਏਜੰਟ ਅਮਨਦੀਪ ਸਿੰਘ ਤੇ ਰਾਜਵੀਰ ਸਿੰਘ ਨੂੰ ਮਿਲੀ ਸੀ। ਉਨ੍ਹਾਂ ਨੇ ਉਸ ਦੇ ਲੜਕੇ ਨੂੰ ਵਿਦੇਸ਼ ਭੇਜਣ ਬਦਲੇ 5 ਲੱਖ 50 ਹਜ਼ਾਰ ਰੁਪਏ ਦੀ ਮੰਗ ਕੀਤੀ ਅਤੇ 2-3




ਮਹੀਨੇ ਵਿੱਚ ਉਸ ਨੂੰ ਵਿਦੇਸ਼ ਭੇਜਣ ਦਾ ਭਰੋਸਾ ਦਿਵਾਇਆ। ਟ੍ਰੈਵਲ ਏਜੰਟਾਂ ਨੇ ਉਸ ਤੋਂ ਲੜਕੇ ਦੇ ਦਸਤਾਵੇਜ਼ ਲਏ ਅਤੇ 12 ਜੁਲਾਈ 21 ਨੂੰ ਆਪਣੀ ਕੰਪਨੀ ਯੂਰੋਕਾਨ ਗਲੋਬਲ ਦੇ ਬੈਂਕ ਖਾਤੇ ਵਿੱਚ ਦੋ ਲੱਖ ਰੁਪਏ ਜਮਾਂ ਕਰਵਾ ਲਏ। ਫਿਰ ਦੋਵੇਂ ਜਣੇ ਲਾਅਰੇ ਲਾਉਂਦੇ ਰਹੇ, ਪਰ ਨਾ ਵਿਦੇਸ਼ ਭੇਜਿਆ ਤੇ ਨਾ ਪੈਸੇ ਵਾਪਸ ਕੀਤੇ। ਪੀੜਤਾ ਨੂੰ ਸ਼ੱਕ ਸੀ ਕਿ ਟ੍ਰੈਵਲ ਏਜੰਟ ਉਨ੍ਹਾਂ ਨਾਲ ਧੋਖਾ ਕਰਕੇ ਫਰਾਰ ਹੋਣ ਦੀ ਤਿਆਰੀ ਵਿੱਚ ਹਨ। ਥਾਣਾ ਮੁਖੀ ਨੇ ਦੱਸਿਆ ਕਿ ਕੇਸ ਦੀ ਜਾਂਚ ਤੋਂ ਬਾਅਦ ਦੋਵੇਂ ਟ੍ਰੈਵਲ ਏਜੰਟਾਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮੁਲਜ਼ਮਾਂ ਖ਼ਿਲਾਫ਼ ਬਣਦੀ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਕਰਮਚਾਰੀ ਫਾਹੇ ਨਾਲ ਲਟਕਿਆ ਹੋਇਆ ਮਿਲਿਆ

ਜਲੰਧਰ, 19 ਜੁਲਾਈ (ਪੋਸਟ ਬਿਊਰੋ)- ਆਦਮਪੁਰ ਵਿੱਚ ਚਾਵਲ ਮਿਲ ਵਿੱਚ ਕੰਮ ਕਰਦੇ ਨੌਜਵਾਨ ਦੀ ਫਾਹੇ ਨਾਲ ਲਟਕੀ ਲਾਸ਼ ਮਿਲੀ ਹੈ। ਮ੍ਰਿਤਕ ਦੀ ਪਛਾਣ ਮਾਸਟਰ ਤਾਰਾ ਸਿੰਘ ਨਗਰ ਵਾਸੀ ਆਸ਼ੀਸ਼ ਵਜੋਂ ਹੋਈ ਹੈ। ਥਾਣਾ ਆਦਮਪੁਰ ਦੀ ਪੁਲਸ ਜਦੋਂ ਆਸ਼ੀਸ਼ ਦੀ ਲਾਸ਼ ਨੂੰ ਲੈ ਕੇ ਉਸਦੇ ਘਰ ਗਈ ਤਾਂ ਵਾਰਸਾਂ ਨੇ ਹੰਗਾਮਾ ਕੀਤਾ ਅਤੇ ਹੱਤਿਆ ਕਰ ਕੇ ਲਾਸ਼ ਲਟਕਾਉਣ ਦਾ ਦੋਸ਼ ਲਾਇਆ। ਆਸ਼ੀਸ਼ ਦੇ ਪਿਤਾ ਪੁਤਨੀ ਕਸ਼ਯਪ ਨੇ ਦੱਸਿਆ ਕਿ ਆਸ਼ੀਸ਼ ਆਦਮਪੁਰ ਵਿੱਚ ਚਾਵਲ ਮਿਲ ਵਿੱਚ ਕਰੀਬ ਇੱਕ ਸਾਲ ਤੋਂ ਕੰਮ ਕਰ ਰਿਹਾ ਸੀ ਅਤੇ ਉਥੇ ਹੀ ਰਹਿੰਦਾ ਸੀ। ਸਵੇਰੇ ਸੱਤ ਵਜੇ ਉਨ੍ਹਾਂ ਨੂੰ ਫ਼ੋਨ ਆਇਆ ਕਿ ਉਨ੍ਹਾਂ ਦੇ ਬੇਟੇ ਨੇ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਹੈ। ਉਹ ਮੌਕੇ ਉੱਤੇ ਪਹੁੰਚੇ ਤਾਂ ਦੇਖਿਆ ਕਿ ਉਨ੍ਹਾਂ ਦੇ ਬੇਟੇ ਦੀ ਲਾਸ਼ ਪੱਖੇ ਨਾਲ ਲਟਕ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਬੇਟੇ ਦਾ ਫੈਕਟਰੀ ਵਿੱਚ ਕੋਈ ਵਿਵਾਦ ਹੋਇਆ ਸੀ ਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੇ ਬੇਟੇ ਦੀ ਹੱਤਿਆ ਹੋਈ ਹੈ। ਆਸ਼ੀਸ਼ ਦੇ ਵਾਰਸਾਂ ਅਤੇ ਰਿਸ਼ਤੇਦਾਰਾਂ ਨੇ ਮਾਸਟਰ ਤਾਰਾ ਸਿੰਘ ਨਗਰ ਵਿੱਚ ਦੇਰ ਸ਼ਾਮ ਪ੍ਰਦਰਸ਼ਨ ਕੀਤਾ।

# ਰੇਹੜੀ ਉੱਤੇ ਮਾਮੂਲੀ ਵਿਵਾਦ ਕਾਰਨ ਨੌਜਵਾਨ ਦੀ ਜਾਨ ਗਈ

ਭਗਤਾ ਭਾਈ, 19 ਜੁਲਾਈ (ਪੋਸਟ ਬਿਊਰੋ)- ਗੋਲਗੱਪਿਆਂ ਦੀ ਰੇਹੜੀ ਉੱਤੇ ਹੋਏ ਮਾਮੂਲੀ ਵਿਵਾਦ ਨੇ ਇੱਕ ਨੌਜਵਾਨ ਦੀ ਜਾਨ ਲੈ ਲਈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਪਾਲਾ ਸਿੰਘ ਵਾਸੀ ਆਕਲੀਆਂ ਜਲਾਲ ਨੇ ਪੁਲਸ ਨੂੰ ਦੱਸਿਆ ਕਿ ਉਸਦਾ ਪੁੱਤਰ ਬੋਹੜ ਸਿੰਘ (26) ਮਿਹਤਨ-ਮਜ਼ਦੂਰੀ ਕਰਦਾ ਤੇ ਉਨ੍ਹਾਂ ਦੇ ਨਾਲ ਰਹਿੰਦਾ ਸੀ। ਉਸ ਨੇ ਦੱਸਿਆ ਕਿ ਬੀਤੀ ਰਾਤ ਬੋਹੜ ਸਿੰਘ ਰਾਤ ਦਾ ਖਾਣਾ ਖਾਣ ਤੋਂ ਬਾਅਦ ਘਰ ਤੋਂ ਬਾਹਰ ਟਹਿਲਣ ਚਲਾ ਗਿਆ। ਉਸ ਦੇ ਬਾਅਦ ਪਾਲਾ ਸਿੰਘ ਵੀ ਆਪਣੀ ਪਤਨੀ ਕੁਲਵੰਤ ਕੌਰ ਸਮੇਤ ਟਹਿਲਣ ਦੇ ਬਹਾਨੇ ਉਸ ਦੇ ਪਿੱਛੇ ਚਲਾ ਗਿਆ। ਕੁਝ ਅੱਗੇ ਜਾ ਕੇ ਵੇਖਿਆ ਤਾਂ ਸਾਈਕਲ ਸਵਾਰ ਭਜਨ ਸਿੰਘ ਅਤੇ ਉਸ ਦਾ ਭਤੀਜਾ ਸੰਨੀ ਮੇਨ ਸੜਕ ਤੋਂ ਉਸ ਦੇ ਪੁੱਤਰ ਕੋਲ ਜਾ ਰਹੇ ਸਨ ਅਤੇ ਇਨ੍ਹਾਂ ਦੋਵਾਂ ਨੇ ਬੋਹੜ ਸਿੰਘ ਕੋਲ ਜਾ ਕੇ ਉਸ ਉੱਤੇ ਬਰਫ਼ ਵਾਲੇ ਸੂਏ ਨਾਲ ਹਮਲਾ ਕਰ ਦਿੱਤਾ।ਪਾਲਾ ਸਿੰਘ ਦੇ ਦੱਸਣ ਅਨੁਸਾਰ ਭਜਨ ਸਿੰਘ ਨੇ ਉਸ ਨੂੰ ਫੜ ਲਿਆ ਤੇ ਸੰਨੀ ਨੇ ਸੂਏ ਦੇ ਲਗਾਤਾਰ ਸਿੱਧੇ ਵਾਰ ਬੋਹੜ ਸਿੰਘ ਉਪਰ ਕੀਤੇ। ਜਦ ਉਹ ਆਪਣੇ ਪੁੱਤਰ ਨੂੰ ਬਚਾਉਣ ਲਈ ਉਸ ਕੋਲ




ਗਏ ਤਾਂ ਦੋਵੇਂ ਹਮਲਾਵਰ ਉਨ੍ਹਾਂ ਨਾਲ ਧੱਕਾ-ਮੁੱਕੀ ਕਰਦੇ ਹੋਏ ਫਰਾਰ ਹੋ ਗਏ।

ਘਟਨਾ ਦੀ ਸੂਚਨਾ ਮਿਲਦੇ ਸਾਰ ਪਿੰਡ ਦੇ ਲੋਕ ਇਕੱਤਰ ਹੋਏ ਤੇ ਬੋਹੜ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਭਗਤਾ ਭਾਈ ਅਤੇ ਫਿਰ ਸਿਵਲ ਹਸਪਤਾਲ ਰਾਮਪੁਰਾ ਲਿਜਾਇਆ ਗਿਆ, ਜਿੱਥੇ ਡਾਕਟਰਾਂ ਦੀ ਟੀਮ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਾਲਾ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਦੋਸ਼ੀਆਂ ਭਜਨ ਸਿੰਘ ਤੇ ਸੰਨੀ ਦਾ ਪਿੰਡ ਵਿੱਚ ਲੱਗੀ ਗੋਲਗੱਪਿਆਂ ਦੀ ਰੇਹੜੀ ਉਪਰ ਚੱਲ ਰਹੇ ਗੀਤਾਂ ਬਾਰੇ ਵਿਵਾਦ ਹੋ ਗਿਆ ਸੀ ਅਤੇ ਉਥੇ ਹਾਜ਼ਰ ਲੋਕਾਂ ਨੇ ਉਨ੍ਹਾਂ ਨੂੰ ਸਮਝਾ ਕੇ ਘਰਾਂ ਨੂੰ ਭੇਜ ਦਿੱਤਾ ਸੀ। ਉਸ ਨੇ ਕਿਹਾ ਕਿ ਭਜਨ ਸਿੰਘ ਤੇ ਸੰਨੀ ਨੇ ਉਸ ਦੇ ਪੁੱਤਰ ਦਾ ਕਤਲ ਕਰ ਦਿੱਤਾ। ਥਾਣਾ ਮੁਖੀ ਹਰਨੇਕ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਸੰਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011



ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca






ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936





# "ਭਾਸ਼ਾ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀਂ, ਸਗੋਂ ਇਹ ਤਾਂ ਸੱਭਿਆਚਾਰਕ ਪਛਾਣ ਹੈ" : ਡਾ. ਸੁਖਦੇਵ ਸਿੰਘ ਸਿਰਸਾ

## 'ਦ ਲਿਟਰੇਰੀ ਰਿਫ਼ਲੈੱਕਸ਼ਨਜ਼' ਵੱਲੋਂ ਡਾ. ਸਿਰਸਾ ਨਾਲ ਰਚਾਇਆ ਗਿਆ ਭਾਵਪੂਰਤ ਰੂ-ਬ-ਰੂ








ਬਰੈਂਪਟਨ, (ਡਾ. ਝੰਡ) -ਉੱਤਰੀ-ਅਮਰੀਕਨ ਖ਼ਿੱਤੇ ਵਿਚ 2018 ਤੋਂ ਵਿਚਰ ਰਹੀ ਸਾਹਿਤਕ ਸੰਸਥਾ 'ਦ ਲਿਟਰੇਰੀ ਰਿਫ਼ਲੈੱਕਸ਼ਨਜ਼' ਵੱਲੋਂ ਲੰਘੇ ਸ਼ਨੀਵਾਰ 16 ਜੁਲਾਈ ਨੂੰ ਉੱਘੇ ਵਿਦ-ਵਾਨ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹਿਮ ਆਗੂ ਰਹੇ ਡਾ. ਸੁਖਦੇਵ ਸਿੰਘ ਸਿਰਸਾ ਜੋ ਅੱਜਕੱਲ੍ਹ ਸਰਵ-ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਹਨ, ਨਾਲ ਬਰੈਂਪਟਨ ਦੇ ਕੈਸੀ ਕੈਂਬਲ ਕਮਿਊਨਿਟੀ ਸੈਂਟਰ ਦੇ ਹਾਲ ਨੰਬਰ 3 ਵਿਚ ਮਹੱਤਵਪੂਰਨ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਡਾ. ਸਿਰਸਾ ਬਾਰੇ ਮੁੱਢਲੀ ਜਾਣਕਾਰੀ ਉਨ੍ਹਾਂ ਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਰਹੇ ਸਹਿਪਾਠੀ ਅਤੇ ਸਹਿਕਰਮੀ ਉੱਘੇ ਲੋਕਧਾਰਾ-ਵਿਗਿਆਨੀ ਡਾ. ਨਾਹਰ ਸਿੰਘ ਵੱਲੋਂ ਸਾਂਝੀ ਕੀਤੀ ਗਈ ਅਤੇ ਸਰੋਤਿਆਂ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਅਤੇ ਖੱਬੇ-ਪੱਖੀ ਵਿਚਾਰਧਾਰਾ ਨਾਲ ਸਬੰਧਿਤ ਸੁਆਲਾਂ ਦੇ ਜੁਆਬ ਡਾ. ਸਿਰਸਾ ਵੱਲੋਂ ਬਾਖ਼ੂਬੀ ਦਿੱਤੇ ਗਏ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਮੰਚ-ਸੰਚਾਲਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਡਾ. ਸੁਖਦੇਵ ਸਿੰਘ ਸਿਰਸਾ, ਡਾ. ਨਾਹਰ ਸਿੰਘ, ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ ਅਤੇ ਐਡਵੋਕੇਟ ਜੋਗਿੰਦਰ ਸਿੰਘ ਤੂਰ ਨੂੰ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਉਪਰੰਤ, 'ਦ ਲਿਟਰੇਰੀ ਰਿਫ਼ਲੈੱਕਸ਼ਨਜ਼' ਸੰਸਥਾਂ ਦੀ ਡਾਇਰੈੱਕਟਰ ਕਹਾਣੀਕਾਰ ਗੁਰਮੀਤ ਪਨਾਗ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਸੰਸਥਾ ਦੀ 2018 ਵਿਚ ਹੋਈ ਸ਼ੁਰੂਆਤ ਅਤੇ ਇਸ ਦੇ ਵੱਲੋਂ ਹੁਣ ਤੀਕ ਕਰਵਾਏ ਗਏ ਵੱਖ-ਵੱਖ ਸਮਾਗ਼ਮਾਂ ਬਾਰੇ ਜਾਣਕਾਰੀ ਦਿੱਤੀ। ਡਾ. ਨਾਹਰ ਸਿੰਘ ਨੇ ਡਾ. ਸਿਰਸਾ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਸੂਫ਼ੀ-ਕਾਵਿ ਉੱਪਰ ਬੜਾ ਮਹੱਤਵਪੂਰਨ ਕੰਮ ਕੀਤਾ ਅਤੇ ਆਪਣੇ ਵਿਦਿਆਰਥੀਆਂ ਕੋਲੋਂ ਵੀ ਕਰਵਾਇਆ ਹੈ। ਉਹ ਪੰਜਾਬੀ ਭਾਸ਼ਾ ਤੋਂ ਇਲਾਵਾ ਹਿੰਦੀ ਵਿਚ ਲਿਖੇ ਗਏ ਸਾਹਿਤ ਅਤੇ ਖੱਬੇ-ਪੱਖੀ ਵਿਚਾਰਧਾਰਾ ਬਾਰੇ ਵੀ ਡੂੰਘੀ ਸਮਝ ਰੱਖਦੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵਿਦਿਆਰਥੀ ਅਤੇ ਅਧਿਆਪਕ ਵਜੋਂ ਇਕੱਠੇ ਵਿਚਰਨ ਦੀਆਂ ਕਈ ਖ਼ੂਬਸੂਰਤ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸਟਾਫ਼-ਮੈਂਬਰਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਹੋਇਆਂ ਯੂਨੀਵਰਸਿਟੀ ਦੇ ਤਤਕਾਲੀ ਵਾਈਸ-ਚਾਂਸਲਰਾਂ ਨਾਲ ਹੋਈਆਂ ਕਈ ਤਲਖ਼ੀਆਂ ਵੀ ਸ਼ਾਮਲ ਸਨ। ਇਸ ਦੇ ਨਾਲ ਹੀ ਉਨ੍ਹਾਂ ਡਾ. ਸਿਰਸਾ ਦੇ ਸੁਭਾਅ ਦੇ 'ਕੱਬੇਪਨ' ਦੀ ਗੱਲ ਵੀ ਬਾਖ਼ੂਬੀ ਕੀਤੀ।

ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੀ ਗੱਲ ਸਰੋਤਿਆਂ ਦੇ ਸੁਆਲਾਂ ਨਾਲ ਹੀ ਸ਼ੁਰੂ ਕੀਤੀ। ਪਿਆਰਾ ਸਿੰਘ ਕੁੱਦੋਵਾਲ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਗਏ ਇਕ ਸੁਆਲ ਦੇ ਜੁਆਬ ਵਿਚ ਡਾ. ਸਿਰਸਾ ਨੇ ਦੱਸਿਆ ਕਿ ਇਸ ਅਕਾਦਮੀ ਨੇ ਬੜੇ ਮਹੱਤਵਪੂਰਨ ਕੰਮ ਕੀਤੇ ਹਨ ਜਿਨ੍ਹਾਂ ਵਿਚ ਇਸ ਦੇ ਵੱਲੋਂ ਲੰਮੇਂ ਸਮੇਂ ਤੋਂ ਚਲਾਇਆ ਜਾ ਰਿਹਾ ਤ੍ਰੈ-ਮਾਸਿਕ ਪੱਤਰ 'ਆਲੋਚਨਾ' ਦਾ ਆਪਣਾ ਹੀ ਵੱਖਰਾ ਮੁਕਾਮ ਹੈ ਜਿਸ ਦੇ 'ਭਾਰਤੀ ਸੂਫ਼ੀ ਪਰੰਪਰਾ' ਵਿਸ਼ੇਸ਼ ਅੰਕ ਲਈ ਉਨ੍ਹਾਂ ਵੀ ਆਪਣਾ ਯੋਗਦਾਨ ਪਾਇਆ। ਇਸ ਅਕਾਦਮੀ ਦੀ ਕਾਰਜਕਾਰਨੀ ਦੇ ਮੈਂਬਰ ਬਣਨ ਅਤੇ ਇਸ ਦਾ ਲੋਕ-ਤੰਤਰੀ ਢਾਂਚਾ ਉਸਾਰਨ ਲਈ ਉਨ੍ਹਾਂ ਨੂੰ ਬੜੀ ਜੱਦੋ-ਜਹਿਦ ਕਰਨੀ ਪਈ। ਅਕਾਦਮੀ ਦੀ ਮੁੱਖ-ਇਮਾਰਤ ਅਤੇ ਲਾਇਬ੍ਰੇਰੀ ਲਈ ਸਰਕਾਰੀ ਗਰਾਂਟਾਂ ਤੇ ਗ਼ੈਰ-ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਬਾਰੇ ਵੀ ਉਨ੍ਹਾਂ ਕਈ ਦਿਲਚਸਪ ਘਟਨਾਵਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੇ ਵਿਦਿਆਰਥੀ ਡਾ. ਚਰਨਜੀਤ ਸਿੰਘ ਪੱਡਾ ਨੇ ਉਨ੍ਹਾਂ ਦੇ ਸੁਹਿਰਦ ਅਧਿਆਪਕ ਹੋਣ ਬਾਰੇ ਆਪਣੇ ਹਾਵ-ਭਾਵ ਕਈ ਉਦਾਹਰਣਾਂ ਦੇ ਕੇ ਬਿਆਨ ਕੀਤੇ।

ਉੱਘੇ ਵਿਦਵਾਨ ਤੇ ਕਵੀ ਡਾ. ਸੁਖਪਾਲ ਵੱਲੋਂ ਅਜੋਕੀ ਪੰਜਾਬੀ ਕਵਿਤਾ ਵਿਚ ਇਕਾਗਰਤਾ ਦੀ ਕਮੀ ਬਾਰੇ ਸੁਆਲ ਦੇ ਜੁਆਬ ਵਿਚ ਡਾ. ਸਿਰਸਾ ਦਾ ਕਹਿਣਾ ਸੀ ਕਿ ਪੰਜਾਬੀ ਕਵਿਤਾ ਅੱਜਕੱਲ੍ਹ ਧੜਾਧੜ ਲਿਖੀ ਜਾ ਰਹੀ ਹੈ। ਅਜੋਕੇ ਕਵੀ ਕਵਿਤਾ ਬਾਰੇ ਮੁੱਢਲੀ ਜਾਣਕਾਰੀ ਲੈਣ ਦੀ ਖੇਚਲ ਨਹੀਂ ਕਰਦੇ ਅਤੇ ਨਾ ਹੀ ਉਹ ਸਮਰੱਥ ਕਵੀਆਂ ਦੀਆਂ ਰਚੀਆਂ ਹੋਈਆਂ ਪੁਸਤਕਾਂ ਪੜ੍ਹਦੇ ਹਨ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿਚ ਛੰਦ-ਬੱਧ ਕਵਿਤਾ ਨਾਲੋਂ ਖੁੱਲ੍ਹੀ ਕਵਿਤਾ ਵਧੇਰੇ ਪ੍ਰਚੱਲਤ ਹੈ। ਕਵੀ ਮਲਵਿੰਦਰ ਦਾ ਸੁਆਲ ਵੀ ਅਜੋਕੀ ਕਵਿਤਾ ਦੇ ਸੰਦਰਭ ਵਿਚ ਹੀ ਸੀ, ਜਦਕਿ ਇਕ ਹੋਰ ਕਵੀ ਕੁਲਵੰਤ ਸਿੰਘ ਗਿੱਲ ਦਾ ਸੁਆਲ ਪੰਜਾਬ ਵਿਚ ਖੱਬੇ-ਪੱਖੀ ਵਿਚਾਰਧਾਰਾ ਦੀ ਲਹਿਰ ਦੇ ਵਿਕਸਤ ਨਾ ਹੋਣ ਬਾਰੇ ਸੀ ਜਿਸ ਦੇ ਜੁਆਬ ਵਿਚ ਡਾ. ਸਿਰਸਾ ਨੇ ਕਿਹਾ ਕਿ ਕਈ ਪ੍ਰਗਤੀਵਾਦੀ ਕਵੀਆਂ ਤੇ ਹੋਰ ਲੇਖਕਾਂ ਵੱਲੋਂ ਆਪਣੀਆਂ ਰਚਨਾਵਾਂ ਵੱਲੋਂ ਪੰਜਾਬ ਦੇ ਆਪਣੇ ਨਾਇਕਾਂ ਦੀ ਬਜਾਏ ਦੂਸਰੇ ਦੇਸ਼ਾਂ ਦੇ ਨਾਇਕਾਂ ਨੂੰ ਵਧੇਰੇ ਅਹਿਮੀਅਤ ਦਿੱਤੀ ਗਈ ਜੋ ਆਮ ਲੋਕਾਂ ਦੀ ਸਮਝ ਵਿਚ ਨਹੀਂ ਆ ਸਕੀ। ਐਡਵੋਕੇਟ ਸੁਖਵਿੰਦਰ ਸਿੰਘ ਕਾਹਲੋਂ ਵੱਲੋਂ ਪੁੱਛੇ ਗਏ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਸੁਆਲ ਬਾਰੇ ਡਾ. ਸਿਰਸਾ ਨੇ ਕਿਹਾ ਕਿ ਸੰਸਾਰ ਦੀਆਂ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਉੱਪਰ ਵੀ ਭਵਿੱਖ ਵਿਚ ਖ਼ਤਮ ਹੋਣ ਦਾ ਖ਼ਤਰਾ ਮੰਡਰਾਅ ਰਿਹਾ ਹੈ ਅਤੇ ਇਸ ਦਾ ਇਕ ਕਾਰਨ ਸਾਡੇ ਭਾਰਤ ਦਾ ਸੰਵਿਧਾਨ ਵੀ ਹੈ ਜੋ ਖ਼ੇਤਰੀ ਭਾਸ਼ਾਵਾਂ ਨੂੰ ਰਾਸ਼ਟਰੀ-ਭਾਸ਼ਾਵਾਂ ਦਾ ਦਰਜਾ ਨਹੀਂ ਦਿੰਦਾ। ਪ੍ਰੋ. ਜਗੀਰ ਸਿੰਘ ਕਾਹਲੋਂ ਦੇ ਸੁਆਲ ਕਿ ਸ਼ਿਵ ਕੁਮਾਰ ਬਟਾਲਵੀ ਕੇਵਲ ਰੋਮਾਂਟਿਕ ਕਵੀ ਹੀ ਸੀ ਜਾਂ ਕੁਝ ਹੋਰ ਵੀ ਸੀ, ਦੇ ਜੁਆਬ ਵਿਚ ਡਾ. ਸਿਰਸਾ ਨੇ ਕਿਹਾ ਕਿ ਸ਼ਿਵ ਕੁਮਾਰ ਦੀ ਸਮੁੱਚੀ ਕਵਿਤਾ ਵਿਚ ਉਸ ਸਮੇਂ ਦੀ ਮੱਧ-ਵਰਗੀ ਜਮਾਤ ਦਾ ਦਰਦ ਤੇ ਪੀੜਾ ਝਲਕਦੀ ਹੈ। ਹੋਰ ਸੁਆਲ ਅਤੇ ਟਿੱਪਣੀ ਕਰਨ ਵਾਲਿਆਂ ਵਿਚ ਗੁਰਦੇਵ ਸਿੰਘ ਮਾਨ, ਡਾ. ਸੁਖਦੇਵ ਸਿੰਘ ਝੰਡ ਤੇ ਮਲੂਕ ਸਿੰਘ ਕਾਹਲੋਂ ਵੀ ਸ਼ਾਮਲ ਸਨ।

ਪ੍ਰਧਾਨਗੀ ਭਾਸ਼ਨ ਵਿਚ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਸਮਾਗ਼ਮ ਦੇ ਮੁੱਖ-ਬੁਲਾਰਿਆਂ ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ. ਨਾਹਰ ਸਿੰਘ, ਸੁਆਲ-ਕਰਤਾਵਾਂ ਅਤੇ ਸਮਾਗ਼ਮ ਵਿਚ ਹਾਜ਼ਰ ਸਮੂਹ ਸਾਹਿਤ-ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਨੇੜ-ਭਵਿੱਖ ਵਿਚ ਕਿਸੇ ਖ਼ਤਰੇ ਦੀ ਸੰਭਾਵਨਾ ਨੂੰ ਰੱਦ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ 1947 ਤੋਂ ਲੈ ਕੇ ਹੁਣ ਤੀਕ ਇਨ੍ਹਾਂ 75 ਸਾਲਾਂ ਵਿਚ ਪੰਜਾਬੀ ਭਾਸ਼ਾ ਦਾ ਕਾਫ਼ੀ ਪਸਾਰ ਹੋਇਆ ਹੈ। ਇਹ ਹੁਣ ਕੰਪਿਊਟਰ ਤੇ ਮੋਬਾਈਲ ਦੀ ਭਾਸ਼ਾ ਵੀ ਬਣ ਗਈ ਹੈ ਅਤੇ ਦੇਸ-ਵਿਦੇਸ਼ਾਂ ਵਿਚ ਬਹੁਤ ਸਾਰੇ ਲੋਕਾਂ ਵੱਲੋਂ ਬੋਲੀ ਤੇ ਲਿਖੀ ਜਾ ਰਹੀ ਹੈ। ਅਲਬੱਤਾ, ਇਸ ਦੇ ਨਾਲ ਹੀ ਉਨ੍ਹਾਂ ਪਾਕਿਸਤਾਨੀ ਪੰਜਾਬ ਦੇ ਲਾਹੌਰ ਸ਼ਹਿਰ ਦੇ ਇਕ ਕਰੋੜ ਲੋਕਾਂ ਵਿੱਚੋਂ 80-90 ਲੱਖ ਲੋਕਾਂ ਵੱਲੋਂ ਬੋਲੀ ਜਾਂਦੀ ਪੰਜਾਬੀ ਬੋਲੀ ਨੂੰ ਸਰਕਾਰੀ ਮਾਨਤਾ ਨਾ ਮਿਲਣ 'ਤੇ ਦੁੱਖ ਤੇ ਅਫ਼ਸੋਸ ਦਾ ਇਜ਼ਹਾਰ ਵੀ ਕੀਤਾ। ਅਖ਼ੀਰ ਵਿਚ ਸੰਸਥਾ ਦੀ ਦੂਸਰੀ ਡਾਇਰੈੱਕਟਰ ਸੁਰਜੀਤ ਕੌਰ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਹਾਜ਼ਰੀਨ ਦਾ ਵਿਧੀਵੱਤ ਧੰਨਵਾਦ ਕੀਤਾ ਗਿਆ। ਹਾਜ਼ਰੀਨ ਵਿਚ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਹਰਿੰਦਰ ਹੁੰਦਲ, ਪ੍ਰੋ. ਹਰਭਜਨ ਸਿੰਘ ਸੇਖੋਂ, ਮਹਿੰਦਰ ਸਿੰਘ ਮੱਲ੍ਹੀ, ਅਮਨ ਸ਼ਰਮਾ, ਬਿਕਰਮ ਸਿੰਘ ਗਿੱਲ, ਅਮਰਜੀਤ ਸਿੰਘ ਬਾਈ, ਹਰਜੀਤ ਕੌਰ ਸੰਧੂ, ਸੁਰਿੰਦਰ ਕੌਰ ਮਾਨ, ਹਰਭਜਨ ਕੌਰ ਗਿੱਲ, ਸੁਖਸਾਗਰ ਰਾਮੂੰਵਾਲੀਆ ਤੇ ਸਰਬਜੀਤ ਕਾਹਲੋਂ ਸਮੇਤ ਕਈ ਹੋਰ ਵਿਅੱਕਤੀ ਸ਼ਾਮਲ ਸਨ।

## ਗੁਰੂ ਹਰਗੋਬਿੰਦ ਸਾਹਿਬ ਜੀ ਦੇ ਆਗਮਨ-ਦਿਵਸ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ-ਪਾਠ ਦਾ ਭੋਗ ਸਮਾਗ਼ਮ 7 ਅਗਸਤ ਨੂੰ

ਬਰੈਂਪਟਨ, (ਡਾ. ਝੰਡ) - ਸੁਖਦੇਵ ਸਿੱਧਵਾਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਸਿੱਧਵਾਂ ਕਲਾਂ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਦਾ ਆਗਮਨ-ਦਿਵਸ ਮਨਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ-ਪਾਠ ਗੁਰਦੁ-ਆਰਾ ਜੋਤ ਪ੍ਰਕਾਸ਼ ਸਾਹਿਬ ਵਿਖੇ ਹਾਲ ਨੰਬਰ 2 ਵਿਚ ਸ਼ੁੱਕਰਵਾਰ 5 ਅਗਸਤ ਨੂੰ ਆਰੰਭ ਕਰਵਾਇਆ ਜਾਏਗਾ ਅਤੇ ਇਸ ਦਾ ਭੋਗ ਐਤਵਾਰ 7 ਅਗਸਤ ਨੂੰ ਸਵੇਰੇ 10.00 ਵਜੇ ਪਵੇਗਾ। ਉਪਰੰਤ, ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਜਾਏਗਾ ਅਤੇ ਢਾਡੀ-ਜੱਥੇ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਮੁਗ਼ਲਾਂ ਨਾਲ ਕੀਤੀਆਂ ਗਈਆਂ ਲੜਾਈਆਂ ਦੇ ਗੌਰਵਮਈ ਇਤਿਹਾਸ ਬਾਰੇ ਢਾਡੀ-ਵਾਰਾਂ ਸਰਵਣ ਕਰਾਉਣਗੇ। ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਇਲਾਕਾ-ਨਿਵਾਸੀਆਂ ਅਤੇ ਸਮੂਹ ਸੰਗਤ ਨੂੰ ਇਸ ਧਾਰਮਿਕ ਤੇ ਇਤਿਹਾਸਕ ਸਮਾਗ਼ਮ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਸੰਗਤ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ 135 ਸਨਪੈਕ ਬੁਲੇਵਾਰਡ ਵਿਖੇ ਸਥਿਤ ਹੈ। ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਸੁਖਦੇਵ ਸਿੰਘ ਸਿੱਧਵਾਂ ਨੂੰ 647-299-1610 ਜਾਂ ਜਿੰਦਰ ਸਿੱਧੂ ਨੂੰ 647-701-5155 'ਤੇ ਸੰਪਰਕ ਕੀਤਾ ਜਾ ਸਕਦਾ ਹੈ।












# ਸਾਡੇ 'ਧਿਆਨ' ਦੀ ਲੁੱਟ

-ਇੰਜ. ਈਸ਼ਰ ਸਿੰਘ-
647-640-2014

ਬੇ-ਧਿਆਨੀ ਨਾਲ਼ ਦੇਖਿਆਂ 'ਧਿਆਨ' ਇੱਕ ਸਧਾਰਨ ਸ਼ਬਦ ਲਗਦਾ ਹੈ ਕਿਉਂਕਿ ਇਹ ਬਹੁਤ ਪਰਚੱਲਤ ਹੈ। ਪਰ ਧਿਆਨ ਨਾਲ਼ ਵਿਚਾਰਿਆਂ ਸਮਝ ਆਉਂਦੀ ਹੈ ਕਿ ਇਹ ਇੱਕ ਗੂੜ੍ਹ ਅਤੇ ਅਰਥ-ਭਰਪੂਰ ਸ਼ਬਦ ਹੈ। ਇਸ ਦਾ ਅਰਥ ਹੈ: ਇਕਾਗਰਤਾ, ਗੌਰ, ਲਿਵਲੀਨਤਾ, ਨੀਝ ਜਾਂ ਤਸੱਵਰ। ਅੰਗਰੇਜੀ 'ਚ ਇਸ ਦੇ ਢੁਕਵੇਂ ਅਨੁਵਾਦ ਹਨ: ਅਟੈਂਸ਼ਨ ਜਾਂ ਕਨਸੈਂਟਰੇਸ਼ਨ । ਸੰਸਾਰ ਦੇ ਹੁਣ ਤੱਕ ਹੋਏ ਸਰਬ-ਪੱਖੀ ਵਿਕਾਸ 'ਚ, ਧਿਆਨ ਇੱਕ ਮੁੱਖ ਅਤੇ ਜਰੂਰੀ ਅੰਗ ਰਿਹਾ ਹੈ; ਇਹ ਭਾਵੇਂ ਕਿਸੇ ਸਿਧਾਂਤ ਦੀ ਸਿਰਜਣਾ ਹੋਵੇ ਭਾਵੇਂ ਕਿਸੇ ਮਸ਼ੀਨਰੀ ਦੀ ਕਾਢ। ਇਹ ਸੁਚੇਤ ਢੰਗ ਨਾਲ਼, ਮਨ ਦੇ ਵਿਚਾਰਾਂ ਅਤੇ ਦਰ-ਪੇਸ਼ ਕੰਮਾਂ 'ਚੋਂ ਕਿਸੇ ਇੱਕ ਨੂੰ ਚੁਣ ਕੇ, ਉਸ 'ਤੇ ਚੇਤਨਾ ਨੂੰ ਕੇਂਦ੍ਰਿਤ ਕਰਨਾ ਹੈ। ਸੁਚੇਤ ਹੋ ਕੇ ਚੇਤਨਾ ਨੂੰ ਕੇਂਦ੍ਰਿਤ ਕਰਨ, ਧਿਆਨ-ਭੰਗ ਕਰਨ ਵਾਲ਼ੇ ਬਾਹਰੀ ਮਾਹੌਲ ਤੋਂ ਨਿਰਲੇਪਤਾ ਅਤੇ ਇਕਾਗਰਤਾ, ਧਿਆਨ ਦੇ ਸਾਰ-ਤੱਤ ਹਨ। ਇਹ ਕਿਸੇ ਬਾਹਰੀ ਮੁੱਦੇ 'ਤੇ ਵੀ ਇਕਾਗਰ ਹੋ ਸਕਦਾ ਹੈ ਅਤੇ ਕਿਸੇ ਅੰਦਰੂਨੀ ਵਿਚਾਰ 'ਤੇ ਵੀ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਸ ਦੀ ਪਰਿਭਾਸ਼ਾ 'ਸਭ ਪਾਸਿਓਂ ਮਨ ਨੂੰ ਰੋਕ ਕੇ ਇੱਕ ਵਿਸ਼ੇ ਤੇ ਟਿਕਾਉਣਾ ਹੈ। ਧਿਆਨ ਸਾਡੀ ਐਸੀ 'ਮਾਨਸਿਕ ਸੰਪਤੀ' ਹੈ ਜਿਹੜੀ ਸੀਮਤ ਅਤੇ ਬਹੁ-ਮੁੱਲੀ ਹੈ ਅਤੇ ਹਰ ਇਨਸਾਨ ਕੋਲ਼ ਇਸ ਦੀ ਮਾਤਰਾ ਅੱਡ-ਅੱਡ ਹੈ। ਇਸ ਦਾ ਵਿਕਾਸ ਅਤੇ ਵਿਨਾਸ ਹੋ ਸਕਦਾ ਹੈ ਅਤੇ ਇਸ ਦੀ ਸਦ-ਵਰਤੋਂ ਜਾਂ ਦੁਰਵਰਤੋਂ ਕੀਤੀ ਜਾ ਸਕਦੀ ਹੈ। ਇਸ ਇਕਾਗਰਤਾ ਦੀ ਸਭ ਤੋਂ ਵਿਹਾਰਕ ਅਤੇ ਪਰਚੱਲਤ ਉਦ੍ਹਾਰਣ, ਲੈਂਜ ਨਾਲ਼ ਸੂਰਜ ਦੀਆਂ ਕਿਰਨਾਂ ਇਕੱਠੀਆਂ ਕਰ ਕੇ ਕਾਗਜ ਨੂੰ ਅੱਗ ਲਾਉਣੀ ਹੈ। ਇਸ ਲੇਖ 'ਚ ਧਿਆਨ ਦਾ ਅਰਥ ਅਟੈਂਸ਼ਨ () ਹੈ। ਸੋਚਣ ਵਾਲ਼ੀ ਗੱਲ ਇਹ ਹੈ ਕਿ ਜਦ ਇਹ ਕੋਈ ਪਦਾਰਥਕ ਵਸਤੂ ਨਹੀਂ, ਤਾਂ ਇਸ ਦੀ ਲੁੱਟ ਕਿਵੇਂ ਹੋ ਸਕਦੀ ਹੈ? ਪਰ ਇਹ ਹੋ ਰਹੀ ਹੈ ਅਤੇ ਇਸ ਹੱਦ ਤੱਕ ਹੋ ਰਹੀ ਹੈ ਕਿ ਇਹ ਸਾਡੇ ਨਿੱਜੀ, ਪਰਿਵਾਰਕ ਅਤੇ ਸਮਾਜਕ ਜੀਵਨ ਤੋਂ ਲੈ ਕੇ ਮਨੁੱਖਤਾ ਦੀ ਹੋਂਦ ਤੱਕ ਖਤਰਾ ਬਣ ਗਈ ਹੈ। ਮਾਹਰਾਂ ਦਾ ਅਨੁਮਾਨ ਹੈ ਕਿ ਸਮੁੱਚੇ ਸੰਸਾਰ 'ਚ, ਸਾਡੇ ਧਿਆਨ (ਅਟੈਂਸ਼ਨ) ਦੀ ਹੋ ਰਹੀ ਲੁੱਟ ਅੱਜ 12 ਲੱਖ ਕਰੋੜ ਰੁਪਏ ਸਾਲਾਨਾ ਦਾ ਵਪਾਰ ਬਣਿਆ ਹੋਇਆ ਹੈ । ਇਸ ਨਾਲ਼ ਜੁੜੀਆਂ ਕੰਪਨੀਆਂ ਇਕੱਲੀਆਂ-ਇਕੱਲੀਆਂ ਅਤੇ ਆਪਸ 'ਚ ਰਲ਼ ਕੇ ਸਾਡੇ ਧਿਆਨ ਰੂਪੀ ਖ਼ਜ਼ਾਨੇ ਨੂੰ ਲੁੱਟ ਰਹੀਆਂ ਹਨ। ਅਤੇ ਇਹ ਸਭ ਦਿਨ-ਦਿਹਾੜੇ, ਧੱਕੇ ਨਾਲ਼ ਅਤੇ ਬਗੈਰ ਸਰਕਾਰਾਂ ਦੇ ਡਰ ਤੋਂ ਕਰ ਰਹੀਆਂ ਹਨ। ਇਸ ਸਬੰਧ 'ਚ ਹਰ ਦੇਸ਼ ਦੇ ਕਾਨੂੰਨ, ਲਾਚਾਰ ਅਤੇ ਸਾਹ-ਸਤ ਹੀਣ ਹਨ। ਇਸ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਦੇਸ਼ ਇੱਕ ਇਕਾਈ ਹੁੰਦਾ ਹੈ ਜਦ ਕਿ ਇਹ ਕੰਪਨੀਆਂ ਬਹੁ-ਦੇਸ਼ੀ ਹੁੰਦੀਆਂ ਹਨ। ਦੂਜਾ, ਇੰਨਾ ਹੀ ਵੱਡਾ ਪਰ ਗੁਪਤ ਕਾਰਨ ਇਹ ਕਿ ਇਨ੍ਹਾਂ ਨੂੰ ਕਾਨੂੰਨ ਦੇ ਘੇਰੇ 'ਚ ਲਿਆਉਣ ਦੀਆਂ ਜ਼ਿੰਮੇਵਾਰ ਹਸਤੀਆਂ 'ਚੋਂ ਕੁਛ ਇਨ੍ਹਾਂ ਕੰਪਨੀਆਂ ਵਲੋਂ ਕਾਣੀਆਂ ਕੀਤੀਆ ਹੁੰਦੀਆਂ ਹਨ।

ਸਾਡੇ ਧਿਆਨ ਦੀ ਲੁੱਟ ਨੂੰ, 21ਵੀਂ ਸਦੀ ਦੇ ਸ਼ੁਰੂ 'ਚ ਉਸ ਵਕਤ ਹੋਰ ਬਲ ਮਿਲਿਆ ਜਦ ਇਸ਼ਤਿਹਾਰ-ਬਾਜੀ, ਮਨ-ਪਰਚਾਵੇ ਅਤੇ ਜਾਣਕਾਰੀ (ਇਨਫਾਰਮੇਸ਼ਨ) ਦੇ ਤਿੰਨੇ ਖੇਤਰ, ਡਿਜਿਟਲ ਮੀਡੀਆ ਨੇ ਆਪਣੇ ਹੱਥ 'ਚ ਕਰ ਲਏ। ਇਸ ਨਾਲ਼ ਇਨ੍ਹਾਂ ਸਭ ਦਾ ਰੂਪ-ਸਰੂਪ ਵੀ ਬਦਲ ਗਿਆ ਅਤੇ ਇਨ੍ਹਾਂ ਤਿੰਨਾਂ ਦੀ ਐਸੀ ਜੁੰਡਲ਼ੀ ਵੀ ਬਣ ਗਈ ਜੋ ਕਿਸੇ ਦੇ ਕਾਬੂ 'ਚ ਨਹੀਂ ਰਹੀ। ਇਸ ਵਪਾਰ ਤੇ, ਇਸ ਤਰ੍ਹਾਂ ਦੀਆਂ ਕੰਪਨੀਆਂ ਨੇ ਕਬਜ਼ਾ ਕਰ ਲਿਆ ਹੈ ਜਿਨ੍ਹਾਂ ਵਾਸਤੇ ਨੈਤਿਕ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰਖਦੀਆਂ ਅਤੇ ਮਨੁੱਖਤਾ ਅਤੇ ਸੰਸਾਰ ਦੇ ਵਾਤਾਵਰਣ ਦਾ ਕੋਈ ਦਰਦ ਨਹੀਂ। ਆਪਣੇ ਮੰਤਵ ਦੀ ਪ੍ਰਾਪਤੀ ਵਾਸਤੇ ਇਹ ਅਨੇਕਾਂ ਕਿਸਮ ਦੇ ਕੋਝੇ ਢੰਗ ਵਰਤ ਰਹੀਆਂ ਹਨ, ਜੋ ਸਾਡੀ ਸਮਝ 'ਚ ਨਹੀਂ ਆ ਸਕਦੇ। ਪਰ ਸਾਡੇ ਧਿਆਨ ਨੂੰ ਖਿੱਚਣ ਦਾ ਇਨ੍ਹਾਂ ਦਾ ਇੱਕ ਮੁੱਖ ਢੰਗ, ਜਮਾਂਦਰੂ ਅਤੇ ਸੁਭਾਵਕ ਮਨੁੱਖੀ ਕਮਜ਼ੋਰੀਆਂ ਦਾ ਸੋਸ਼ਣ ਕਰਨਾ ਹੈ। ਜਿੰਨੀਆਂ ਖੋਜਾਂ ਇਹ ਕੰਪਨੀਆਂ ਤਕਨਾਲੋਜੀ 'ਤੇ ਕਰਦੀਆਂ ਹਨ ਓਨੀਆਂ ਹੀ ਮਨੋ-ਵਿਗਿਆਨ, ਸਮਾਜਿਕ ਮਨੋ-ਵਿ-ਗਆਨ, ਸਰਕਾਰੀ ਕਾਨੂੰਨਾਂ, ਸਮਾਜਿਕ ਅਤੇ ਅਰਥ-ਵਿਵਸਥਾ ਅਤੇ ਹੋਰ ਸਬੰਧਿਤ ਵਿਸ਼ਿਆਂ 'ਤੇ ਕਰਦੀਆਂ ਹਨ। ਇਨ੍ਹਾਂ ਵਲੋਂ ਬਣਾਏ ਸੋਸ਼ਲ ਮੀਡਿਆ ਨੇ ਸਾਡੇ ਵਿਹਾਰ ਨੂੰ ਇਸ ਤਰ੍ਹਾਂ 'ਕੰਡੀਸ਼ਨ' ਕਰ ਦਿੱਤਾ ਹੈ ਕਿ ਅਸੀਂ ਇਨ੍ਹਾਂ ਕੰਪਨੀਆਂ ਦੇ 'ਹੱਥ ਪੈ ਗਏ ਹਾਂ'। ਮਨੁੱਖ ਦੀਆਂ ਸਭ ਕਮਜੋਰੀਆਂ ਅਤੇ ਮਜਬੂਰੀਆਂ ਨੂੰ ਸਮਝ ਕੇ, ਸੋਸ਼ਲ ਮੀਡੀਆ 'ਤੇ ਐਸੇ-ਐਸੇ ਐਡਿਕਟਿਵ, ਲੁਭਾਉਣੇ ਅਤੇ ਉਕਸਾਊ ਪ੍ਰੋਗਰਾਮ ਪਾਉਂਦੀਆਂ ਹਨ ਜਿਨ੍ਹਾਂ ਵਲ ਧਿਆਨ ਖਿੱਚਿਆ ਜਾਣਾ ਸੁਭਾਵਿਕ ਹੈ। 'ਸੈਂਟਰ ਫਾਰ ਹਿਉਮੇਅਨ ਤਕਨਾਲੋਜੀ' ਦੇ ਬਾਨੀ ਪ੍ਰਸਿੱਧ ਸੁਧਾਰ-ਵਾਦੀ 'ਟ੍ਰਿਸਟਨ ਹੈਰਿਸ' ਦਸਦੇ ਹਨ ਕਿ ਵਧੀਆ ਕੰਟਰੋਲ-ਰੂਮਾਂ 'ਚ ਬੈਠੇ ਸੌਅ ਕੁ ਬੰਦੇ ਹੀ, ਦੁਨੀਆਂ ਦੇ ਸੈਂਕੜੇ ਕਰੋੜਾਂ ਬੰਦਿਆਂ ਦੇ ਧਿਆਨ ਅਤੇ ਮਨੋ-ਭਾਵਾਂ ਨੂੰ ਭਟਕਾਅ ਰਹੇ ਹਨ। ਇਹ ਗੱਲ ਸ਼ਾਇਦ ਖਿਆਲੀ ਲਗਦੀ ਹੋਵੇ; ਪਰ ਨਹੀਂ। ਉਸ ਦਾ ਕਹਿਣਾ ਹੈ ਕਿ "ਮੈ ਖੁਦ ਇਸ ਤਰ੍ਹਾ ਦੇ ਕੰਟਰੋਲ-ਰੂਮਾਂ 'ਚ ਕੰਮ ਕੀਤਾ ਹੈ"। ਇਹ ਸਾਡਾ ਧਿਆਨ ਖਿੱਚ ਨਹੀਂ ਬਲਕਿ ਸੜ੍ਹਾਕ (ਸਅਕਿੰਗ ਕਰ) ਰਹੀਆਂ ਹਨ। ਫਿਰ ਵੀ ਆਸ਼ਾ-ਜਨਕ ਗੱਲ ਇਹ ਹੈ ਕਿ ਇਨਸਾਨੀ ਬੁੱਧ-ਵਿਵੇਕ ਅਤੇ ਦ੍ਰਿੜਤਾ ਦੇ ਗੁਣਾਂ ਨੂੰ ਵਰਤ ਕੇ ਅਸੀਂ ਇਸ ਗ਼ਲਤ ਲੀਹ ਚੋਂ ਬਾਹਰ ਨਿੱਕਲ਼ ਸਕਦੇ ਹਾਂ।

ਅਸੀਂ ਆਪਣੇ ਧਿਆਨ ਨੂੰ ਬਹੁਤੀ ਮਹਤੱਤਾ ਨਹੀਂ ਦਿੰਦੇ, ਪਰ ਸੰਸਾਰ ਭਰ ਦੀਆਂ ਡਿਜਿਟਲ ਕੰਪਨੀਆਂ ਵਾਸਤੇ ਇਹ ਇੱਕ ਕੀਮਤੀ ਵਸਤੂ ਬਣ ਚੁੱਕੀ ਹੈ। ਇਸ ਦਾ ਕਾਰਨ ਇਹ ਹੈ ਕਿ ਬੇ-ਲੋੜੀਆਂ ਖੋਜਾਂ ਕਰ-ਕਰ ਕੇ ਇਹ ਕੰਪਨੀਆਂ, ਬੇ-ਥਾਹ ਜਾਣਕਾਰੀ (ਇਨਫਾਰਮੇਸ਼ਨ) ਪੈਦਾ ਕਰੀਂ ਜਾ ਰਹੀਆਂ ਹਨ ਅਤੇ ਉਸ ਦੀ 'ਖਪਤ' ਵਾਸਤੇ ਇਨ੍ਹਾਂ ਨੂੰ ਸਾਡੇ ਧਿਆਨ ਦੀ ਲੋੜ ਹੈ। ਕੰਪਨੀਆਂ ਜਾਣਦੀਆਂ ਵੀ ਹਨ ਕਿ ਜਾਣਕਾਰੀ ਨੂੰ ਸਮੋਅ ਸਕਣ ਦੀ ਮਨੁੱਖੀ ਧਿਆਨ ਦੀ ਸਮਰੱਥਾ ਸੀਮਤ ਹੈ ਅਤੇ ਉਸ ਨੇ ਇਹ ਧਿਆਨ ਜੀਵਨ ਦੇ ਹੋਰ ਜਰੂਰੀ ਕੰਮਾਂ 'ਤੇ ਵੀ ਵਰਤਣਾ ਹੈ। ਫਿਰ ਵੀ ਓਹ ਕਮਾਈ ਵਾਸਤੇ, ਜਾਣਕਾਰੀ 'ਚ ਬੇ-ਲੋੜਾ ਵਾਧਾ ਕਰੀਂ ਜਾ ਰਹੀਆਂ ਹਨ ਕਿਉਂਕਿ ਓਹ, ਨਾਲ਼-ਨਾਲ਼ ਸਾਡੇ ਧਿਆਨ ਨੂੰ ਭਟਕਾਉਣ ਅਤੇ ਆਪਣੇ ਵਲ ਖਿੱਚਣ ਦੇ ਢੰਗ ਵੀ ਲਭਦੀਆਂ ਰਹਿੰਦੀਆਂ ਹਨ। ਇਸੇ ਕਰ ਕੇ ਅੱਜ ਇਹ ਕੰਪਨੀਆਂ ਧਿਆਨ-ਵਿਵਸਥਾ ਨੂੰ, ਅਰਥ-ਵਿਵਸਥਾ ਦੀਆਂ ਲੀਹਾਂ ਤੇ ਚਲਾ ਰਹੀਆਂ ਹਨ ਜਿਹੜੀ ਕਿ ਮੌਜੂਦਾ ਕੈਪੀਟਲ-ਸਿਸਟਮ ਦੀ ਇੱਕ ਨਵੀਂ ਉਪ-ਸ਼ਾਖਾ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਧਿਆਨ ਦੇ ਮੁੱਲ ਦੀ ਸੀਮਾ, ਇਨ੍ਹਾਂ ਕੰਪਨੀਆਂ ਨੇ ਸਾਡੀਆਂ ਪਸ਼ੂ-ਵਿਰਤੀਆਂ ਨੂੰ ਉਤੇਜਿਤ ਕਰ ਕੇ ਉਨ੍ਹਾਂ ਦੀ ਸੰਤੁਸ਼ਟੀ ਕਰਨ ਤੱਕ ਮੁਕੱਰਰ ਕਰ ਦਿੱਤੀ ਹੈ। ਉਨ੍ਹਾਂ ਦਾ ਮੰਤਵ ਪੂਰਾ ਹੋ ਰਿਹਾ ਹੈ, ਸੋਚ-ਵਿਚਾਰ ਅਤੇ ਸਿਆਣਪ ਕਰਨ ਦੀ ਲੋੜ ਤਾਂ ਸਾਨੂੰ ਹੈ।

ਸੋਸ਼ਲ ਮੀਡੀਆ ਰਾਹੀਂ ਇਹ ਕੰਪਨੀਆਂ ਕਿਵੇਂ ਕਮਾਈ ਕਰ ਰਹੀਆਂ ਹਨ ਇਹ ਸਮਝਣ ਵਾਸਤੇ ਕਹਿ ਸਕਦੇ ਹਾਂ ਕਿ ਜਦ ਅਸੀਂ ਕਿਸੇ ਵੈੱਬ-ਸਾਈਟ ਜਾਂ ਐਪ ਨੂੰ ਖੋਲ੍ਹਦੇ ਹਾਂ ਤਾਂ ਉਸ ਦੀ ਮਾਲਕ ਕੰਪਨੀ ਵਾਸਤੇ ਵੋਟ ਪਾ ਰਹੇ ਹੁੰਦੇ ਹਾਂ। ਇਹ ਸਾਈਟਾਂ ਇਸ ਤਰ੍ਹਾਂ ਬਣਾਈਆਂ ਹੁੰਦੀਆਂ ਹਨ ਕਿ ਅਸੀਂ ਇੱਕ ਤੋਂ ਬਾਅਦ ਦੂਜੀ, ਫਿਰ ਤੀਜੀ ਨੂੰ ਸੁਤੇ-ਸਿੱਧ ਟਿੱਕ ਕਰਦੇ ਰਹਿੰਦੇ ਹਾਂ। ਇਹ ਸਭ ਉਨ੍ਹਾਂ ਦੀਆਂ ਵੋਟਾਂ ਹਨ ਅਤੇ ਜਿੰਨੀਆਂ ਵੱਧ ਕਿਸੇ ਕੰਪਨੀ ਦੀਆਂ ਵੋਟਾਂ, ਓਨਾ ਹੀ ਉਹ ਆਪਣੀ ਇਸ਼ਤਿਹਾਰਬਾਜੀ ਦਾ ਰੇਟ ਵਧਾਈਂ ਜਾਂਦੀ ਹੈ। ਇਹ ਕੁਛ ਓਸੇ ਤਰ੍ਹਾਂ ਹੈ ਜਿਵੇਂ ਰਾਜਸੀ ਲੀਡਰ ਲਾਲਚ ਦੇ ਕੇ ਜਨਤਾ ਤੋਂ ਵੋਟਾਂ ਲੈਂਦੇ ਹਨ। ਫਿਰ ਸੱਤਾ 'ਚ ਆ ਕੇ ਹੋਰ ਮਾਇਆ ਅਤੇ ਤਾਕਤ ਇਕੱਠੀ ਕਰ ਕੇ ਅਗਲੀਆਂ ਵੋਟਾਂ 'ਚ ਹੋਰ ਲਾਲਚ ਦਿੰਦੇ ਹਨ।

ਸੋਸਲ ਮੀਡੀਆ ਦਾ ਆਧਾਰ ਸਾਡਾ ਧਿਆਨ ਹੈ ਜਿਸ ਨੂੰ ਖਿੱਚਣ ਵਾਸਤੇ ਕੰਪਨੀਆਂ ਇਹ ਚਾਲਾਂ ਚੱਲ ਰਹੀਆਂ ਹਨ। ਸਾਡਾ ਧਿਆਨ ਸੀਮਤ ਹੋਣ ਕਰ ਕੇ ਥੋੜੇ ਚਿਰ ਵਾਸਤੇ ਇਕਾਗਰ ਰਹਿ ਸਕਦਾ ਹੈ ਅਤੇ ਓਹ ਵੀ ਕਿਸੇ ਇੱਕ ਮੁੱਦੇ ਤੇ। ਸਪਸ਼ਟ ਹੈ ਕਿ ਜਿਹੜਾ ਵੀ ਧਿਆਨ ਅਸੀਂ ਸੋਸ਼ਲ ਮੀਡੀਆ ਨੂੰ ਦਿੰਦੇ ਹਾਂ ਓਹ ਕਿਸੇ ਹੋਰ ਕੰਮ ਦੀ ਕੀਮਤ ਤੇ ਦਿੰਦੇ ਹਾਂ। ਨਾਲ਼ ਹੀ ਵਿਚਾਰਨ ਵਾਲ਼ੀ ਅਹਿਮ ਗੱਲ ਇਹ ਹੈ ਕਿ ਸੁਭਾਵਕ ਤੌਰ ਤੇ ਸਾਡੇ ਧਿਆਨ ਦੀ ਪ੍ਰਵਿਰਤੀ ਚਲਾਇਮਾਨ ਹੋਣ ਕਰ ਕੇ, ਇਸ ਨੂੰ ਇਕਾਗਰ ਕਰਨ 'ਚ ਅਸੀਂ ਪਹਿਲਾਂ ਹੀ ਅਸਮਰੱਥ ਹਾਂ। ਉੱਪਰੋਂ ਕੰਪਨੀਆਂ ਵਲੋਂ ਇਸ ਨੂੰ ਭਟਕਾਉਣ ਵਾਸਤੇ ਲਗਾਤਾਰ ਸ਼ਾਤਰ ਮਨਸੂਬੇ ਬਣਾਏ ਜਾਂਦੇ ਰਹਿੰਦੇ ਹਨ। ਸਾਡੇ ਤੇ "ਇੱਕ ਕਮਲ਼ੀ ਤੇ ਦੂਜੇ ਪੈ ਗੀ..." ਦੀ ਅਖਾਣ ਪੂਰੀ ਢੁਕਦੀ ਹੈ। ਇਸ ਵਿਚਾਰ 'ਤੋਂ ਭਾਵ ਇਹ ਹੈ ਕਿ ਇਹ ਇੱਕ ਗੰਭੀਰ ਸਮੱਸਿਆ ਹੈ, ਜਿਸ ਨੂੰ ਸਰਸਰੀ ਨਹੀਂ ਲੈਣਾ ਚਾਹੀਂਦਾ। ਆਪਣੇ ਧਿਆਨ ਨੂੰ ਸਕਾਰਾਤਮਿਕ ਕੰਮਾਂ ਅਤੇ ਸ਼ੁਭ ਵਿਚਾਰਾਂ ਲਈ ਸਾਂਭ ਕੇ ਰੱਖਣ ਅਤੇ ਵਰਤਣ ਵਾਸਤੇ ਸਾਨੂੰ ਇਸ ਨੂੰ ਭਟਕਾਉਣ ਵਾਲ਼ੀਆਂ ਬਾਹਰੀ ਗੱਲਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਸੋ ਪਹਿਲਾਂ ਅਸੀਂ, ਸੋਸ਼ਲ ਮੀਡੀਆ ਦੇ ਸਾਡੇ 'ਤੇ ਪੈ ਰਹੇ ਮੰਦੇ ਪ੍ਰਭਾਵਾਂ ਦੀ ਪਛਾਣ ਕਰਨੀ ਹੈ, ਜਿਨ੍ਹਾਂ 'ਚੋਂ ਕੁਝ ਇਹ ਹਨ:

ਸੋਸ਼ਲ ਮੀਡੀਆ ਨੇ ਇਨਸਾਨ ਦਾ ਧਿਆਨ, ਦਰ-ਪੇਸ਼ ਅਸਲੀ ਸਮੱਸਿਆਵਾਂ ਤੋਂ ਹਟਾ ਕੇ ਮਨੋ-ਕਲਪਿਤ ਸਮੱਸਿਆਵਾਂ ਵਲ ਕਰ ਦਿੱਤਾ ਹੈ। ਇਹ ਗੱਲ ਅੱਜ ਦੇ ਰਾਜਨੀਤਕ ਲੀਡਰਾਂ ਨੂੰ ਵੀ ਬਾਰਾ ਖਾਂਦੀ ਹੈ। ਚੰਦ ਤੇ ਪਲਾਟ ਬੁੱਕ ਕਰਵਾਉਣ ਦੀਆਂ ਸਕੀਮਾਂ ਬਾਰੇ ਆਪਾਂ ਸਭ ਜਾਣਦੇ ਹਾਂ ਪਰ ਧਰਤੀ 'ਤੇ ਮਨੁੱਖਤਾ ਮੂਹਰੇ ਖੜ੍ਹੀਆਂ ਗੰਭੀਰ ਸਮੱਸਿਆਵਾਂ ਹਰ ਦਿਨ ਹੋਰ ਤੀਬਰ ਹੋ ਰਹੀਆਂ ਹਨ।

ਸੋਸਲ ਮੀਡੀਆ ਸਾਡੇ ਜੀਵਨ ਨੂੰ ਅਮੀਰ ਨਹੀਂ ਕਰਦਾ ਅਤੇ ਨਾਂ ਹੀ ਇਸ ਦਾ ਸੁਧਾਰ ਜਾਂ ਵਿਕਾਸ ਕਰਦਾ ਹੈ। ਇਹ ਸਾਡੇ ਧਿਆਨ ਦੀ ਤੀਖਣਤਾ ਅਤੇ ਇਸ ਦੇ ਇਕਾਗਰ ਰਹਿ ਸਕਣ ਦੇ ਸਮੇਂ ਨੂੰ ਘਟਾਉਂਦਾ ਹੈ। ਹੰਕਾਰ 'ਚ ਵਾਧਾ ਕਰਦਾ ਹੈ, ਸਾਨੂੰ ਵਸਤੂ-ਵਾਦੀ ਬਣਾਉਂਦਾ ਹੈ, ਸਾਡੇ ਮਨਾਂ 'ਚ ਨਕਲੀ ਸੁੰਦਰਤਾ ਅਤੇ ਫੋਕੇ ਮਾਨ-ਸਨਮਾਨ ਜਾਂ ਟੌਅਰ ਦੇ ਖਿਆਲੀ ਮਿਆਰ ਪੱਕੇ ਕਰਦਾ ਹੈ।

ਇਹ ਸਾਡੇ 'ਚ ਫੌਰੀ ਨਤੀਜੇ ਹਾਸਲ ਕਰਨ ਦੀ ਲਾਲਸਾ ਪੈਦਾ ਕਰ ਦਿੰਦਾ ਹੈ। ਸਾਨੂੰ, ਨਿੱਠ ਕੇ ਜਾਂ ਸਿਰੜ ਨਾਲ਼ ਮਿਹਨਤ ਕਰ ਕੇ ਦੂਰ-ਰਸ ਚੰਗੇ ਨਤੀਜੇ ਦੇਣ ਵਾਲ਼ੇ ਕੰਮ ਕਰਨ ਜੋਗਾ ਨਹੀਂ ਰਹਿਣ ਦਿੰਦਾ।

ਸੋਸਲ ਮੀਡੀਆ ਦੀ ਵੱਧ ਵਰਤੋਂ ਨਾਲ਼ ਸਾਡੇ ਦਿਮਾਗ 'ਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਆ ਜਾਂਦੀਆ ਹਨ ਕਿ ਅਸੀਂ ਆਪਣੇ-ਆਪ ਦੀ, ਪਰਿਵਾਰਿਕ ਜੀਆਂ ਅਤੇ ਸਮੁੱਚੇ ਸਮਾਜ ਦੀ ਅਸਲੀਅਤ ਤੇ ਇਤਬਾਰ ਕਰਨਾ ਛੱਡ ਬੈਠਦੇ ਹਾਂ। ਜੀਵਨ ਦੀ ਅਸਲੀਅਤ ਤੋਂ ਦੂਰ ਹੁੰਦੇ ਰਹਿੰਦੇ ਹਾਂ। ਇਸ ਦੀ ਵੱਧ ਆਦਤ ਨਾਲ਼ ਨੈਤਿਕ ਵਿਵਹਾਰ ਵਿੱਚ ਹੋਰ ਗਿਰ-ਾਵਟ ਆਉਂਦੀ ਹੈ ਅਤੇ ਵੱਧ ਉਕਸਾਊ ਵੀਡੀਓਜ ਆਦਿ ਦੇਖਣ ਦੀ ਰੁਚੀ ਵਧਦੀ ਰਹਿੰਦੀ ਹੈ ਜਿਹੜਾ ਇੱਕ ਕੁ-ਚੱਕਰ ਬਣ ਜਾਂਦਾ ਹੈ।

ਸੋਸਲ ਮੀਡੀਆ ਇੱਕ ਨਸ਼ਾ ਹੈ ਅਤੇ ਹੋਰ ਨਸ਼ਿਆਂ ਵਾਂਗੂੰ, ਸਮਾਂ ਪਾ ਕੇ ਘੱਟ ਅਸਰ ਕਰਨ ਲੱਗ ਜਾਂਦਾ ਹੈ। ਇਸ ਨਾਲ਼ ਇਸ ਦੇ ਦੇਖਣ ਦਾ ਸਮਾਂ ਵੀ ਵਧਾਉਣਾ ਪੈਂਦਾ ਹੈ। ਲੋਕ ਇੱਥੋਂ ਤੱਕ ਇਸ ਆਦਤ ਦੇ ਗੁਲਾਮ ਹੋ ਜਾਂਦੇ ਹਨ ਕਿ ਸੌਣ ਤੋਂ ਪਹਿਲਾਂ ਤੱਕ ਅਤੇ ਉੱਠਣ ਤੋਂ ਤੁਰਤ ਬਾਅਦ ਸੈੱਲ-ਫੋਨਾਂ ਨਾਲ਼ ਜੁੜੇ ਹੁੰਦੇ ਹਨ।

ਹੋਰ ਕਿਸਮ ਦੇ ਨਸ਼ੇ-ਪੱਤੇ ਬਾਹਰੋਂ ਜਾ ਕੇ ਲੈਣੇ ਪੈਂਦੇ ਹਨ ਅਤੇ ਇਨ੍ਹਾ ਤੇ ਕੋਈ ਨਾ ਕੋਈ ਕਾਨੂੰਨ ਲਗਦਾ ਹੈ। ਪਰ ਸੋਸ਼ਲ ਮੀਡੀਆ ਘਰ ਬੈਠਿਆਂ ਨੂੰ ਚੌਵੀ ਘੰਟੇ ਹਾਸਲ ਹੈ, ਇਸ ਤੇ ਕੋਈ ਕਾਨੂੰਨ ਨਹੀਂ ਲਗਦਾ।

ਡਿਜਿਟਲ ਨਸ਼ੇ ਕਰਨ ਵਾਲ਼ੇ ਦੇ ਦਿਮਾਗ 'ਚ ਵੀ ਓਹੀ ਰਸ (ਡੋਪਾਮਾਈਨ ਆਦਿ) ਪੈਦਾ ਹੁੰਦੇ ਹਨ ਜਿਹੜੇ ਰਸਮੀ ਨਸ਼ੇ ਕਰਨ ਵਾਲ਼ੇ ਦੇ ਹੁੰਦੇ ਹਨ। ਭਾਵ ਇਹ ਵੀ 'ਐਡਿਕਟਿਵ' ਨਸ਼ਾ ਹੈ।

ਹੋਰ ਨਸ਼ਿਆਂ ਦੀ ਆਦਤ ਛੱਡਣ ਵਾਂਗੂੰ ਸੋਸਲ ਮੀਡੀਆ ਦੀ ਆਦਤ ਛੱਡਣੀ ਵੀ ਔਖੀ ਹੈ, ਇਸ ਦੀ ਵੀ ਤੋੜ ਲੱਗਣ ਲੱਗ ਜਾਂਦੀ ਹੈ। ਇਸ ਨੂੰ ਛੱਡਣ ਵਾਸਤੇ ਸਾਨੂੰ ਕੋਈ ਸਕਾਰਾਤਮਿਕ ਕੰਮ, ਕੋਈ ਖੇਡਾਂ, ਵਲੰਟੀਅਰ ਜਾਂ ਸਮਾਜਿਕ ਕੰਮ ਸ਼ੁਰੂ ਕਰਨੇ ਪੈਂਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਹੋਰ ਨਸ਼ਾ-ਛਡਾਊ ਕੇਂਦਰਾਂ ਦੀ ਤਰ੍ਹਾਂ ਕਈ ਦੇਸ਼ਾਂ (ਜਪਾਨ ਆਦਿ) ਦੀਆਂ ਸਰਕਾਰਾਂ ਨੇ ਇਸ ਵਾਸਤੇ ਵੀ ਕੇਂਦਰ ਖੋਲਣੇ ਸ਼ੁਰੂ ਕਰ ਦਿੱਤੇ ਹਨ।

ਸੁਧਾਰਵਾਦੀ, ਕਿਤਾਬਾਂ ਸਣੇ ਅਨੇਕਾਂ ਸਾਧਨਾਂ ਰਾਹੀਂ ਸੋਸਲ ਮੀਡੀਆ ਦੇ ਵਿਰੁੱਧ ਅਵਾਜ ਉਠਾ ਰਹੇ ਹਨ। 2020 ਵਿੱਚ 'ਦੀ ਸੋਸਲ ਡਿਲੇਮਾ' ਨਾਂ ਦੀ ਇੱਕ ਬਹੁਤ ਮਸ਼ਹੂਰ ਡਾਕੂਮੈਂਟਰੀ ਰਾਹੀਂ ਸੰਸਾਰ ਭਰ 'ਚ ਇਹ ਅਵਾਜ ਉੱਠੀ ਸੀ। ਇਸ 'ਚ ਇਸ ਖੇਤਰ ਦੇ ਚੋਟੀ ਦੇ ਮਾਹਰਾਂ, ਜਿਹੜੇ ਖੁਦ ਇਨ੍ਹਾਂ ਕੰਪਨੀਆਂ 'ਚ ਵੱਡੇ-ਵੱਡੇ ਅਹੁਦਿਆਂ ਤੇ ਕੰਮ ਕਰ ਚੁੱਕੇ ਸਨ, ਨਾਲ਼ ਕੀਤੀਆਂ ਇੰਟਰਵਿਊਜ ਸ਼ਾਮਿਲ ਹਨ। ਇਸ ਦਾ ਸੁਨੇਹਾ ਬਹੁਤ ਸਪਸ਼ਟ ਹੈ ਕਿ ਸੋਸਲ ਮੀਡੀਆ ਮਨੁੱਖਤਾ ਤੇ ਬਹੁ-ਪੱਖੀ ਮਾਰੂ ਪ੍ਰਭਾਵ ਪਾ ਰਿਹਾ ਹੈ। ਇਹ ਡਾਕੂਮੈਂਟਰੀ ਦੇਖਣ-ਯੋਗ ਹੈ। ਇਸ ਦਾ ਭਾਵ ਇਹ ਨਹੀਂ ਕਿ ਤਕਨਾਲੋਜੀ ਦਾ ਸਭ ਕੁਛ ਛੱਡ ਬੈਠਣਾ ਹੈ; ਬਲਕਿ ਅੱਜ ਦੀਆਂ ਬਹੁਤ ਹੀ ਲਾਭਦਾਇਕ ਤਕਨਾਲੋਜੀਆਂ ਦੀ ਭਰਪੂਰ ਸਦ-ਵਰਤੋਂ ਕਰਨੀ ਹੈ। ਅਸੀਂ ਇੰਟਰ-ਨੈੱਟ ਵਰਤਦੇ ਹਾਂ ਕਿਉਂਕਿ ਇਸ ਤੋਂ ਸਾਨੂੰ ਲਾਭਕਾਰੀ ਸੂਚਨਾ ਮਿਲਦੀ ਹੈ। ਇਸ ਰਾਹੀਂ ਪਰਦਾਨ ਕੀਤੀਆਂ ਸੇਵਾਵਾਂ ਹਾਸਲ ਹੁੰਦੀਆਂ ਹਨ, ਜਾਂ ਆਪਣੇ ਕਾਰੋਬਾਰਾਂ ਨਾਲ਼ ਜੁੜੇ ਕੰਮ ਕਰਨੇ ਹੁੰਦੇ ਹਨ। ਸਾਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਫਰਕ ਸਮਝਣਾ ਚਾਹੀਂਦਾ ਹੈ; ਸਹੂਲਤਾਂ ਦੀ ਆੜ 'ਚ ਕੰਪਨੀਆਂ ਵਲੋਂ ਠੱਗ ਨਹੀਂ ਹੋਣਾ। ਤਕਨਾਲੋਜੀ ਦਾ ਜਾਇਜ ਫਾਇਦਾ ਉਠਾਉਣ ਵਾਸਤੇ ਇਹ ਵੀ ਜਰੂਰੀ ਹੈ ਕਿ ਅਸੀਂ ਆਪਣੇ ਜੀਵਨ ਦੇ ਉਚੇਰੇ ਮੰਤਵ ਨੂੰ ਨਿਰਧਾਰਤ ਕਰੀਏ ਅਤੇ 'ਆਪੇ ਦੀ ਪਛਾਣ' ਕਰਨ ਦੇ ਉਪਰਾਲੇ ਕਰੀਏ। ਮਹਾਂ-ਪੁਰਖਾਂ ਦੇ ਦਰਸਾਏ ਆਪਾ-ਪਛਾਣ (" ") ਦੇ ਰਸਤੇ ਤੇ ਤੁਰੀਏ। ਤਕਨਾਲੋਜੀ ਦਾ ਆਪੋ-ਆਪਣੇ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਨਾਲ਼ ਸੁਮੇਲ ਕਰੀਏ ਅਤੇ ਇਨ੍ਹਾਂ ਸਭ ਸਿੱਖਿਆਵਾਂ ਨੂੰ ਮੁੱਖ ਰੱਖ ਕੇ ਇਸ ਦੀ ਸਦ-ਵਰਤੋਂ ਕਰਨ ਦੇ ਉਪਰਾਲੇ ਕਰੀਏ।

ਕਿਸੇ ਵੀ ਮੰਦੀ ਆਦਤ ਦਾ ਤਿਆਗ ਕਰਨ ਵਾਸਤੇ ਪਹਿਲੀ ਜਰੂਰੀ ਕਾਰਵਾਈ ਹੈ ਆਪਣੀ ਸੋਚ ਨੂੰ ਬਦਲਣਾ। ਆਈਨਸਟੀਨ ਦੀ ਪ੍ਰਸਿੱਧ ਟੂਕ ਹੈ ਕਿ ਅਸੀਂ ਆਪਣੀਆਂ ਸਮੱਸਿਆਵਾਂ ਓਸੇ ਸੋਚ ਨਾਲ ਹੱਲ ਨਹੀਂ ਕਰ ਸਕਦੇ ਜਿਨ੍ਹਾਂ ਨਾਲ਼ ਅਸੀਂ ਇਨ੍ਹਾਂ ਨੂੰ ਖੜ੍ਹੀਆਂ ਕੀਤਾ ਹੁੰਦਾ ਹੈ। ਜਿਵੇਂ ਕਿ ਸ਼ੁਰੂ 'ਚ ਬਿਆਨਿਆ ਗਿਆ ਹੈ ਸਰਕਾਰਾਂ ਸਾਨੂੰ ਇਸ ਲੁੱਟ ਤੋਂ ਬਚਾਉਣ 'ਚ ਅਸਮਰੱਥ ਲਗਦੀਆਂ ਹਨ। ਸਿਰਫ ਇੱਕੋ ਤਰੀਕਾ ਜੋ ਅਸੀਂ ਨਿਜੀ ਜਾਂ ਗਰੁੱਪਾਂ 'ਚ ਇਕੱਠੇ ਹੋਕੇ ਵਰਤ ਸਕਦੇ ਹਾਂ ਓਹ ਹੈ, ਆਪਣੇ-ਆਪ ਦਾ ਬਚਾਓ। ਬਿਲਕੁਲ ਓਸੇ ਤਰ੍ਹਾ ਜਿਵੇਂ, ਸਾਡੀ ਸਮਰੱਥਾ ਤੋਂ ਬਾਹਰੀਆਂ ਹੋਰ ਸੰਸਾਰਕ ਆਫਤਾਂ ਤੋਂ ਬਚਣ ਵਾਸਤੇ ਕਰਦੇ ਹਾਂ। ਇਸ ਲੁੱਟ ਤੋਂ ਬਚਣ ਵਾਸਤੇ ਪਰਹੇਜ, ਸੰਤੁਲਨ ਅਤੇ ਸੰਜਮ ਹੀ ਇੱਕ ਕਾਰਗਰ ਤਰੀਕਾ ਹੈ, ਜੋ ਸਭ ਨੇ ਆਪੋ-ਆਪਣਾ ਕਰਨਾ ਹੈ। ਅਮਰੀਕਾ ਦੇ ਪ੍ਰਸਿੱਧ ਡਾਕਟਰ ਐਂਡਰਿਊ ਵ੍ਹੀਲ ਦਾ ਕਹਿਣਾ ਹੈ ਕਿ "ਦਵਾਈ ਅਤੇ ਜ਼ਹਿਰ 'ਚ, ਮਾਤਰਾ ਤੋਂ ਬਗੈਰ ਹੋਰ ਕੋਈ ਫਰਕ ਨਹੀਂ ਹੁੰਦਾ"।

## ਹਲਕਾ-ਫੁਲਕਾ

"ਮੰਮੀ, ਤੁਹਾਨੂੰ ਉਸ ਪਲੇਟ ਦੀ ਯਾਦ ਹੈ, ਜਿਸ ਦੀ ਤੁਹਾਨੂੰ ਹਰ ਵਕਤ ਚਿੰਤਾਲੱਗੀ ਰਹਿੰਦੀ ਸੀ ਕਿ ਟੁੱਟ ਨਾ ਜਾਏ।" ਪ੍ਰਥਮ ਨੇ ਕਿਹਾ।

ਮੰਮੀ, " ਹਾਂ, ਕਿਉਂ?"

ਪ੍ਰਥਮ, "ਤੁਹਾਡੀ ਚਿੰਤਾ ਖਤਮ ਹੋ ਗਈ।"

********

ਇੱਕ ਸ਼ਰਾਰਤੀ ਬੱਚਾ ਹੱਥ ਛੱਡ ਕੇ ਸਾਈਕਲ ਚਲਾਉਣ ਲੱਗਾ ਤੇ ਬੋਲਿਆ, "ਦੇਖੋ, ਮੇਰੇ ਹੱਥ ਨਹੀਂ।"

ਫਿਰ ਦੋਵੇਂ ਪੈਰ ਚੁੱਕ ਦਿੱਤੇ ਤੇ ਬੋਲਿਆ, "ਮੇਰੇ ਪੈਰ ਵੀ ਨਹੀਂ ਹਨ।"

ਫਿਰ ਧੜੰਮ ਕਰ ਕੇ ਡਿੱਗ ਪਿਆ ਅਤੇ ਉਠ ਕੇ ਬੋਲਿਆ, "ਮੇਰੇ ਦੰਦ ਵੀ ਨਹੀਂ ਹਨ।"

********

ਮਨੀ, "ਅੱਜ ਮੈਨੂੰ ਪੰਜਾਹ ਪੈਸੇ ਦਾ ਸਿੱਕਾ ਮਿਲਿਆ ਹੈ।"

ਹਨੀ, "ਉਹ ਤਾਂ ਮੇਰਾ ਸੀ।"

ਮਨੀ, "ਓ ਜਾ, ਮੈਨੂੰ ਪੱਚੀ-ਪੱਚੀ ਪੈਸੇ ਦੇ ਦੋ ਸਿੱਕੇ ਮਿਲੇ ਹਨ।"

ਹਨੀ, "ਮੇਰਾ ਸਿੱਕਾ ਜ਼ਮੀਨ ਉੱਤੇ ਡਿੱਗ ਕੇ ਟੁੱਟ ਗਿਆ ਹੋਵੇਗਾ।"







# ਸਿੱਖਿਆ ਦਾ ਸੁਧਾਰ ਪ੍ਰਾਇਮਰੀ ਤੋਂ ਹੋਣਾ ਚਾਹੀਦੈ

-ਬਲਜਿੰਦਰ ਮਾਨ

ਪਿਛਲੇ ਚਾਲੀ ਸਾਲ ਤੋਂ ਇੱਕ ਗੱਲ ਹਰ ਸਰਕਾਰ ਬੜੇ ਜ਼ੋਰ-ਸ਼ੋਰ ਨਾਲ ਕਹਿੰਦੀ ਆ ਰਹੀ ਹੈ ਕਿ ਉਹ ਸਿਹਤ ਅਤੇ ਸਿੱਖਿਆ ਨੂੰ ਪਹਿਲ ਦੇ ਰਹੀ ਹੈ, ਪਰ ਇਸ ਖੇਤਰ ਵਿੱਚ ਜਿਵੇਂ-ਜਿਵੇਂ ਸੁਧਾਰ ਹੁੰਦਾ ਗਿਆ, ਉਸੇ ਤਰ੍ਹਾਂ ਨਾਲੋ-ਨਾਲ ਨਿਘਾਰ ਹੁੰਦਾ ਗਿਆ। ਸਿਹਤ ਦੇ ਖੇਤਰ ਵਿੱਚ ਨਿੱਜੀ ਹਸਪਤਾਲਾਂ ਦੇ ਕਾਰਨਾਮਿਆਂ ਬਾਰੇ ਸਭ ਨੂੰ ਪਤਾ ਹੈ। ਡਾਕਟਰਾਂ ਦਾ ਲੈਬੋਰੇਟਰੀਆਂ ਨਾਲ ਕਿਹੋ ਜਿਹਾ ਰਿਸ਼ਤਾ ਹੈ, ਇਸ ਬਾਰੇ ਕੁਝ ਕਹਿਣ ਦੀ ਜ਼ਰੂਰਤ ਨਹੀਂ ਹੈ। ਸਰਕਾਰੀ ਹਸਪਤਾਲਾਂ ਦਾ ਬਹੁਤ ਵਿਸਥਾਰ ਹੋਇਆ, ਪਰ ਜਨਤਾ ਦੇ ਵਾਧੇ ਅਤੇ ਲੋੜਾਂ ਦੀ ਪੂਰਤੀ ਨਹੀਂ ਹੋ ਸਕੀ।

ਇਸੇ ਤਰ੍ਹਾਂ ਜੇ ਅਸੀਂ ਸਿੱਖਿਆ ਖੇਤਰ ਦੀ ਗੱਲ ਕਰੀਏ ਤਾਂ ਸਰਕਾਰਾਂ ਨੇ ਸਰਕਾਰੀ ਕਾਲਜਾਂ ਅਤੇ ਅਦਾਰਿਆਂ ਦੀ ਗਿਣਤੀ ਘਟਾਈ ਤੇ ਨਿੱਜੀ ਅਦਾਰਿਆਂ ਦਾ ਲਾਇਸੈਂਸ ਜਾਰੀ ਕਰ ਦਿੱਤਾ। ਅਜੋਕੇ ਸਮੇਂ ਵਿੱਚ ਸਿੱਖਿਆ ਦੇ ਪੱਧਰ ਪੱਖੋਂ ਪੰਜਾਬ ਵਿੱਚ ਬਹੁਤੇ ਵਿਦਿਆਰਥੀ ਸਾਇੰਸ ਤੇ ਮੈਥ ਵਰਗੇ ਵਿਸ਼ਿਆਂ ਨੂੰ ਤਿਆਗ ਰਹੇ ਹਨ। ਇਸ ਦਾ ਮੁੱਖ ਕਾਰਨ ਉਨ੍ਹਾਂ ਦੀ ਬੁਨਿਆਦ ਦਾ ਕੱਚੇ ਹੋਣਾ ਹੈ। ਸਿੱਖਿਆ ਸ਼ਾਸਤਰੀਆਂ ਅਨੁਸਾਰ ਬੱਚੇ ਦੀ ਨੀਂਹ ਪ੍ਰਾਇਮਰੀ ਵਿੱਚ ਰੱਖੀ ਜਾਂਦੀ ਹੈ।ਜੇ ਉਥੇ ਕੋਈ ਅਣਗਹਿਲੀ ਹੋਈ ਤਾਂ ਉਸ ਦਾ ਖਮਿਆਜਾ ਸਾਰੀ ਉਮਰ ਸਭ ਨੂੰ ਭੁਗਤਣਾ ਪਵੇਗਾ। ਕਿਸੇ ਨੇ ਸੱਚ ਕਿਹਾ ਹੈ ਕਿ ਇੱਕ ਇੰਜੀਨੀਅਰ ਦੀ ਗਲਤੀ ਸੀਮੇਂਟ ਹੇਠ, ਡਾਕਟਰ ਦੀ ਗਲਤੀ ਕਬਰ ਵਿੱਚ ਲਕੋਈ ਜਾ ਸਕਦੀ ਹੈ, ਪਰ ਸਿੱਖਿਆ ਦੇ ਖੇਤਰ ਵਿੱਚ ਭਾਵ ਅਧਿਆਪਕ ਦੁਆਰਾ ਕੀਤੀ ਗਲਤੀ ਆਉਣ ਵਾਲੀਆਂ ਕੌਮਾ ਨੂੰ ਭੁਗਤਣੀ ਪੈਂਦੀ ਹੈ।

ਅਸੀਂ ਅਜਿਹੇ ਦੌਰ ਵਿੱਚੋਂ ਲੰਘ ਰਹੇ ਹਾਂ ਜਿੱਥੇ ਭਵਿੱਖ ਵਿੱਚ ਹਨੇਰਾ ਹੀ ਹਨੇਰਾ ਹੈ।ਗਿਆਨ ਵਿਹੂਣਾ ਬੰਦਾ ਅੰਨ੍ਹਾ ਹੁੰਦਾ ਹੈ। ਇਸ ਅੰਨ੍ਹੇਪਣ ਕਰ ਕੇ ਅੱਜ ਹਰ ਪਾਸੇ ਆਪੋ-ਧਾਪੀ ਮਚੀ ਹੋਈ ਹੈ। ਮੌਜੂਦਾ ਸਰਕਾਰ ਨੇ ਪੰਜਾਬ ਵਿੱਚ ਸਿਹਤ ਤੇ ਸਿੱਖਿਆ ਨੂੰ ਪਹਿਲ ਦਿੱਤੀ ਹੈ। ਜਿਸ ਵਾਸਤੇ ਸਰਕਾਰ ਵੱਲੋਂ ਯਤਨ ਆਰੰਭੇ ਜਾ ਚੁੱਕੇ ਹਨ ਜਿਨ੍ਹਾਂ ਦੀ ਸ਼ਲਾਘਾ ਕਰਨੀ ਸਾਡਾ ਫਰਜ਼ ਹੈ। ਇਸ ਦੇ ਨਾਲ ਕੁਝ ਭਿਆਨਕ ਪਹਿਲੂਆਂ ਉੱਤੇ ਨਜ਼ਰ ਮਾਰਨੀ ਵੀ ਸਰਕਾਰ ਦੀ ਜ਼ਿੰਮੇਵਾਰੀ ਹੈ।

ਅੱਜ ਪੂਰੇ ਪੰਜਾਬ ਵਿੱਚ 12880 ਪ੍ਰਾਇਮਰੀ, 2670 ਮਿਡਲ, 1740 ਹਾਈ ਅਤੇ 1972 ਸਰਕਾਰੀ ਸੈਕੰਡਰੀ ਸਕੂਲ ਹਨ। ਪੰਜਾਬ ਦੇ ਹਰ ਪਿੰਡ ਵਿੱਚ ਇੱਕ ਜਾਂ ਇਸ ਤੋਂ ਵੱਧ ਪ੍ਰਾਇਮਰੀ ਸਕੂਲ ਹਨ। ਇਨ੍ਹਾਂ ਸਭ ਸਕੂਲਾਂ ਵਿੱਚ 25 ਲੱਖ ਦੇ ਕਰੀਬ ਵਿਦਿਆਰਥੀ ਹਨ। ਸੰਨ 2021 ਦੇ ਬਜਟ ਵਿੱਚ ਸਰਕਾਰ ਨੇ ਦਸਵੀਂ ਤੋਂ ਬਾਰ੍ਹਵੀਂ ਤੱਕ ਵਿਦਿਆਰਥੀਆਂ ਲਈ ਕਰੀਅਰ ਕੌਂਸਲਿੰਗ ਤੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੁਫਤ ਬਸ ਸੇਵਾ ਆਰੰਭ ਕਰਨ ਦੀ ਤਜਵੀਜ਼ ਰੱਖੀ ਸੀ। ਇਵੇਂ ਹੀ 186 ਕਰੋੜ ਰੁਪਏ ਸਰਕਾਰੀ ਸਕੂਲਾਂ ਦੀ ਅਪਗ੍ਰੇਡੇਸ਼ਨ ਵਾਸਤੇ 1064 ਕਰੋੜ ਰੁਪਏ ਸਰਕਾਰੀ ਤੇ ਨਿੱਜੀ ਕਾਲਜਾਂ ਵਾਸਤੇ ਰੱਖੇ ਸਨ। ਇਸ ਪੈਸੇ ਦੀ ਵਰਤੋਂ ਉੱਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਕੂਲਾਂ ਵਿੱਚ ਸਾਜ਼ੋ-ਸਾਮਾਨ ਦੀ ਕੋਈ ਕਮੀ ਨਹੀਂ ਰਹੀ।ਪ੍ਰੋਜੈਕਟਰ, ਐਲ ਈ ਡੀ, ਕੰਪਿਊਟਰ ਸਮੇਤ ਰੰਗਦਾਰ ਅਤੇ ਮਨਭਾਉਂਦਾ ਫਰਨੀਚਰ ਵੀ ਮਿਲ ਗਿਆ, ਪਰ ਇਨ੍ਹਾਂ ਦੀ ਵਰਤੋਂ ਕਰਨ-ਕਰਾਉਣ ਵਾਲੇ ਅਧਿਆਪਕ ਨਹੀਂ ਲੱਭਦੇ।



ਕੁਝ ਸਮਾਂ ਪਹਿਲਾਂ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਜਮਾਤਾਂ ਦਾ ਆਰੰਭ ਕਰ ਦਿੱਤਾ ਗਿਆ। ਤੁਸੀਂ ਵਿਚਾਰ ਕਰੋ ਕਿ ਜਿਨ੍ਹਾਂ ਸਕੂਲਾਂ ਵਿੱਚਤ ਪਹਿਲਾਂ ਹੀ ਇੱਕ-ਇੱਕ ਜਾਂ ਦੋ-ਦੋ ਅਧਿਆਪਕ ਹਨ, ਉਥੇ ਸੱਤ ਕਲਾਸਾਂ ਦਾ ਪ੍ਰਬੰਧ ਕਿਵੇਂ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਸਾਲ 2022-23 ਦੇ ਬਜਟ ਵਿੱਚ 100 ਸਰਕਾਰੀ ਸਕੂਲਾਂ ਨੂੰ ਅਪਗ੍ਰੇਡ ਕਰ ਸਕੇ 'ਸਕੂਲ ਆਫ ਐਮੀਨੈਂਸ' ਬਣਾਇਆ ਜਾਵੇਗਾ। ਚਾਲੀ ਕਰੋੜ ਦੇ ਬਜਟ ਨਾਲ 500 ਸਕੂਲਾਂ ਵਿੱਚ ਆਧੁਨਿਕ ਡਿਜੀਟਲ ਕਲਾਸ ਰੂਮ ਬਣਾਏ ਜਾਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਇਸ ਤਰ੍ਹਾਂ ਸਿੱਖਿਆ ਖੇਤਰ ਦੇ ਬਜਟ ਵਿੱਚ 16.27 ਫੀਸਦੀ ਦਾ ਰਿਕਾਰਡ ਵਾਧਾ ਕੀਤਾ ਗਿਆ ਹੈ। ਅਗਲੇ ਪੰਜਾਂ ਸਾਲਾਂ ਵਿੱਚ 18 ਨਵੇਂ ਮੈਡੀਕਲ ਕਾਲਜ ਬਣਾਏ ਜਾਣ ਦੀ ਤਜਵੀਜ਼ ਰੱਖੀ ਗਈ ਹੈ। ਤਕਨੀਕੀ ਸਿੱਖਿਆ ਵਿੱਚ 48 ਫੀਸਦੀ ਅਤੇ ਮੈਡੀਕਲ ਸਿੱਖਿਆ ਤੇ ਖੋਜ ਖੇਤਰ ਵਿੱਚ 57 ਫੀਸਦੀ ਦਾ ਵਾਧਾ ਕਰ ਕੇ ਇਨ੍ਹਾਂ ਜ਼ਰੂਰੀ ਖੇਤਰਾਂ ਨੂੰ ਪਹਿਲ ਦਿੱਤੀ ਗਈ ਹੈ ਜਿਸ ਦੇ ਨਤੀਜੇ ਅਗਲੇ ਸਮੇਂ ਵਿੱਚ ਦਿਖਾਈ ਦੇਣਗੇ। ਪ੍ਰਾਇਮਰੀ ਜਮਾਤਾਂ ਦੀ ਪੜ੍ਹਾਈ ਉੱਤੇ ਵੀ ਅਸਰ ਪਿਆ ਅਤੇ ਨਾਲ ਨਰਸਰੀ ਜਮਾਤ ਉੱਤੇ ਪੂਰੀ ਤਵੱਜੋਂ ਨਹੀਂ ਦਿੱਤੀ ਜਾ ਸਕੀ। ਇਸੇ ਕਾਰਨ ਜੋ ਦਾਖਲੇ ਦਾ ਵਾਧਾ ਹੋਇਆ ਸੀ, ਉਸ ਉਪਰ ਪ੍ਰਸ਼ਨ ਚਿੰਨ੍ਹ ਲੱਗ ਗਏ। ਸਰਕਾਰਾਂ ਨੂੰ ਸਕੂਲਾਂ ਦੀ ਭਰੋਸੇਯੋਗਤਾ ਪੈਦਾ ਕਰਨ ਲਈ ਕਰਨੀ ਤੇ ਕਥਨੀ ਦੇ ਅੰਤਰ ਨੂੰ ਖਤਮ ਕਰਨਾ ਪਵੇਗਾ। ਪ੍ਰਾਇਮਰੀ ਸਕੂਲਾਂ ਵਿੱਚ ਸਿਰਫ ਅਧਿਆਪਕ ਦੀ ਹੀ ਕਮੀ ਨਹੀਂ, ਸਗੋਂ ਇਨ੍ਹਾਂ ਸਕੂਲਾਂ ਵਿੱਚ ਇੱਕ ਵੀ ਸਵੀਪਰ ਨਹੀਂ ਹੈ, ਜਿਸ ਕਾਰਨ ਸਮਾਰਟ ਸਕੂਲ ਦੀ ਸਮਾਰਟਨੈੱਸ ਉੱਤੇ ਅਸਰ ਪੈ ਜਾਂਦਾ ਹੈ।

ਇਸ ਮਸਲੇ ਦੇ ਹੱਲ ਲਈ ਜੇ ਸੁਧਾਰ ਦੀ ਗੱਲ ਕਰਨੀ ਹੋਵੇ ਤਾਂ ਸਿੱਧਾ ਜਿਹਾ ਫਾਰਮੂਲਾ ਬਣਾਇਆ ਜਾ ਸਕਦਾ ਹੈ ਕਿ ਦੋ ਕਿਲੋਮੀਟਰ ਦੇ ਘੇਰੇ ਵਿੱਚ ਇੱਕ ਪ੍ਰਾਇਮਰੀ ਸਕੂਲ ਹੋਵੇਗਾ ਜਿਸ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦਾ ਅਨੁਪਾਤ ਸਹੀ ਕੀਤਾ ਜਾ ਸਕਦਾ ਹੈ। ਨਰਸਰੀ ਟੀਚਰਾਂ ਦੀ ਭਰਤੀ ਬਗੈਰ ਨਰਸਰੀ ਜਮਾਤਾਂ ਦਾ ਚੱਲਣਾ ਅਸੰਭਵ ਹੋਇਆ ਪਿਆ ਹੈ।ਸਿੰਗਲ ਟੀਚਰ ਸਕੂਲਾਂ ਦੇ ਅਧਿਆਪਕ ਆਪਣੀ ਹੋਣੀ ਉੱਤੇ ਤੜਫ ਰਹੇ ਹਨ। ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਜਦੋਂ 20 ਕਿਲੋ ਵਾਲੇ ਸਿਰ ਉੱਤੇ ਸੱਠ ਕਿਲੋ ਭਾਰ ਪਾ ਦੇਈਏ ਤਾਂ ਉਸ ਦਾ ਕੀ ਹਾਲ ਹੋਵੇਗਾ।

ਭਾਰਤ ਦੀ ਇੱਕ ਸਰਵੇ ਏਜੰਸੀ ਇੰਡੈਕਸ ਆਫ ਇੰਡਸਟਰੀਅਲ ਪ੍ਰੋਡਕਸ਼ਨ ਵੱਲੋਂ ਪੂਰੇ ਦੇਸ਼ ਵਿੱਚ ਦਸਵੀਂ ਤੋਂ ਬਾਅਦ ਸਾਇੰਸ ਵਿਸ਼ੇ ਦੀ ਪੜ੍ਹਾਈ ਕਰਨ ਵਾਲਿਆਂ ਉੱਤੇ ਕੀਤੇ ਸਰਵੇ ਵਿੱਚ ਪੰਜਾਬ 4.5 ਫੀਸਦੀ ਵਿਦਿਆਰਥੀਆਂ ਨਾਲ ਸਭ ਤੋਂ ਪਿੱਛੇ ਤੇ ਤ੍ਰਿਪੁਰਾ ਵਿੱਚ 36 ਫੀਸਦੀ ਨਾਲ ਸਭ ਤੋਂ ਮੋਹਰੀ ਰਿਹਾ। ਅਜਿਹੇ ਕਈ ਹੋਰ ਵੀ ਹੈਰਾਨੀਜਨਕ ਤੱਥ ਪੇਸ਼ ਕੀਤੇ ਜਾ ਸਕਦੇ ਹਨ, ਜੋ ਪੰਜਾਬ ਦੀ ਸਿੱਖਿਆ ਦੀ ਤਰਸਯੋਗ ਹਾਲਤ ਦੀ ਤਲਖ਼ਤ ਹਕੀਕਤ ਬਿਆਨ ਕਰਦੇ ਹਨ।

ਪੰਜਾਬ ਦੇ 6113 ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ, 12820 ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਕਲਾਸਾਂ ਅਤੇ ਸਾਰੀਆਂ ਕਲਾਸਾਂ ਲਈ ਡਿਜੀਟਲ ਸਿੱਖਿਆ ਦਾ ਪ੍ਰਬੰਧ ਸਰਕਾਰ ਕਰ ਚੁੱਕੀ ਹੈ। ਮੁੱਕਦੀ ਗੱਲ ਇਹ ਕਿ ਇਹ ਸਭ ਸਾਧਨ ਚਲਾਉਣ ਅਤੇ ਸਮਝਾਉਣ ਵਾਲੇ ਅਧਿਆਪਕ ਮੌਜੂਦ ਹਨ ਜਾਂ ਨਹੀਂ। ਨਰਸਰੀ ਟੀਚਰ ਅਤੇ ਪ੍ਰਾਇਮਰੀ ਸਕੂਲਾਂ ਵਿੱਚ ਲੋੜੀਂਦੇ ਟੀਚਰਾਂ ਤੇ ਹੋਰ ਅਮਲੇ ਦੀ ਭਰਤੀ ਕਰ ਕੇ ਹੀ ਅਸੀਂ ਆਪਣੀ ਨੀਂਹ ਨੂੰ ਮਜ਼ਬੂਤ ਬਣਾ ਸਕਦੇ ਹਾਂ। ਸਾਡੀ ਸਮੁੱਚੀ ਸਿੱਖਿਆ ਦਾ ਆਧਾਰ ਪ੍ਰਾਇਮਰੀ ਸਿੱਖਿਆ ਹੈ ਜਿਸ ਉੱਤੇ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਸਿੱਖਿਆ ਹੈ ਜਿਸ ਉੱਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸਿੱਖਿਆ ਨੇ ਪ੍ਰਫੁੱਲਤ ਹੋਣਾ ਹੈ, ਜੇ ਬੂਟੇ ਦੀਆਂ ਜੜ੍ਹਾਂ ਹੀ ਕਮਜ਼ੋਰ ਹੋਣ ਫਿਰ ਬੂਟਾ ਹਰਿਆ-ਭਰਿਆ ਕਿਵੇਂ ਹੋ ਸਕਦਾ ਹੈ। ਇਸ ਲਈ ਸਰਕਾਰਾਂ ਦੀ ਪਹਿਲ ਪ੍ਰਾਇਮਰੀ ਸਕੂਲ ਹੋਣੇ ਚਾਹੀਦੇ ਹਨ।

# ਡਾਕੀਆ ਕਿਤੇ ਗੁਆਚ ਗਿਆ

ਅੱਜ ਇੰਸਟੈਂਟ ਮੈਸੇਜਿੰਗ ਦੇ ਬਹੁਤ ਸਾਰੇ ਸਾਧਨ ਹਨ। ਵਟਆਪ, ਇਸੋਟਗਰਮ, ਫੇਸਬੁੱਕ ਅਤੇ ਕੀ ਨਹੀਂ. ਜਿੰਨਾ ਜ਼ਿਆਦਾ ਟਰਾਂਸਮਿਸ਼ਨ ਰੂਟ ਵਧੇ ਹਨ, ਓਨੀ ਹੀ ਜ਼ਿਆਦਾ ਸੰਵੇਦਨਾਵਾਂ ਘਟੀਆਂ ਹਨ। ਇਸ ਸਭ ਦੇ ਵਿਚਕਾਰ ਸਾਡਾ ਡਾਕੀਆ ਕਿਧਰੇ ਗੁਆਚ ਗਿਆ ਹੈ। ਜਿਵੇਂ ਅੱਜ ਦੀ ਤਕਨਾਲੋਜੀ ਕ੍ਰਾਂਤੀ ਨੇ ਨਿਗਲ ਲਿਆ ਹੋਵੇ। ਅਸਲ ਵਿਚ, ਉਹ ਸਿਰਫ਼ ਚਿੱਠੀਆਂ ਲਿਆਉਣ ਵਾਲਾ ਹੀ ਨਹੀਂ ਸੀ, ਸਗੋਂ ਦਿਲਾਂ ਨੂੰ ਦਿਲਾਂ ਨਾਲ ਜੋੜਨ ਵਾਲਾ ਇਕ ਮਹਾਨ ਮਸੀਹਾ ਸੀ। ਉਹ ਚਿੱਠੀਆਂ ਦੇ ਬਹਾਨੇ ਕਦੇ ਖੁਸ਼ੀ ਤੇ ਕਦੇ ਗ਼ਮੀ ਦਾ ਸੁਨੇਹਾ ਦਿੰਦਾ ਸੀ। ਜਦੋਂ ਉਹ ਘਰ ਆਇਆ ਤਾਂ ਇਉਂ ਲੱਗਿਆ ਜਿਵੇਂ ਕੋਈ ਹੋਵੇ ਕੋਈ ਰਿਸ਼ਤੇਦਾਰ ਆਇਆ ਹੈ। ਉਸ ਨੂੰ ਬਿਠਾ ਕੇ ਤਾਜ਼ਗੀ ਭਰਨਾ ਅਤੇ ਅੰਤਰ-ਆਤਮਾ ਦੇ ਸ਼ਰਬਤ ਵਿਚ ਡੁਬੀਆਂ ਵਸਤੂਆਂ ਵਿਚੋਂ ਸੰਵੇਦਨਾਵਾਂ ਨੂੰ ਸੰਭਾਲਣਾ ਕਿਵੇਂ ਭੁਲਾਇਆ ਜਾ ਸਕਦਾ ਹੈ। ਅੱਜ ਹਰ ਹੱਥ ਵਿੱਚ ਮੋਬਾਈਲ ਹੈ। ਹਰ ਮੋਬਾਈਲ 'ਤੇ ਸੈਂਕੜੇ ਲੋਕਾਂ ਦੇ ਨੰਬਰ ਹੁੰਦੇ ਹਨ। ਇਹ ਸਿਰਫ਼ ਸੰਖਿਆਵਾਂ ਨਹੀਂ ਹਨ, ਇਹ ਜੀਵਤ ਰਿਸ਼ਤਿਆਂ ਦੇ ਸੂਚਕ ਹਨ। ਇਨ੍ਹਾਂ ਸੂਚਕਾਂ 'ਤੇ ਚੁੱਪ ਰਹਿਣਾ ਬਹੁਤ ਦੁਖਦਾਈ ਹੈ। ਲੋਕ 'ਆਨਲਾਈਨ' ਦਿਖਾਈ ਦਿੰਦੇ ਹਨ ਪਰ ਤੁਹਾਨੂੰ 'ਆਫਲਾਈਨ' ਵਜੋਂ ਨਜ਼ਰਅੰਦਾਜ਼ ਕਰਦੇ ਹਨ। ਅਜਿਹੇ ਸਮੇਂ ਪਿੰਡ ਦਾ ਉਹ ਲਾਲ ਡੱਬਾ ਅਤੇ ਖਾਕੀ ਰੰਗ ਦੇ ਕੱਪੜੇ ਪਹਿਨੇ ਡਾਕੀਏ ਨੂੰ ਬਹੁਤ ਯਾਦ ਆਉਂਦਾ ਹੈ। ਭਾਵੇਂ ਉਸ ਕੋਲ ਤੁਹਾਡੇ ਲਈ ਕੋਈ ਸੁਨੇਹਾ ਨਹੀਂ ਹੈ,ਨਾ ਹੀ ਉਹ ਇੱਕ ਪਲ ਲਈ ਰੁਕੇਗਾ ਅਤੇ ਜਦੋਂ ਵੀ ਉਹ ਤੁਹਾਡੇ ਦਰਵਾਜ਼ੇ ਵਿੱਚੋਂ ਲੰਘੇਗਾ ਤਾਂ ਤੁਹਾਡਾ ਹਾਲ-ਚਾਲ ਪੁੱਛੇਗਾ। ਉਹ



ਸਾਡੇ ਸਮੇਂ ਦਾ ਅਜਿਹਾ ਦੂਤ ਸੀ, ਜੋ ਸਾਨੂੰ ਹਲਦੀ ਨਾਲ ਸੱਦਾ ਪੱਤਰ ਦੇ ਕੇ ਕਿਸੇ ਸੁਭ ਕੰਮ ਲਈ ਬੁਲਾ ਲੈਂਦਾ ਸੀ, ਜਿਵੇਂ ਉਹ ਕੰਮ ਉਸ ਦੇ ਆਪਣੇ ਘਰ ਹੋ ਰਿਹਾ ਹੋਵੇ। ਉਹ ਮਨੁੱਖੀ ਕਦਰਾਂ-ਕੀਮਤਾਂ ਦੀ ਸਭ ਤੋਂ ਵੱਡੀ ਮਿਸਾਲ ਸੀ। ਉਸ ਦੀ ਦੋਸਤਾਨਾ ਸ਼ਖ਼ਸੀਅਤ ਦਾ ਕੋਈ ਮੇਲ ਨਹੀਂ ਹੈ। ਪਤਾ ਨਹੀਂ ਕਿੰਨੀਆਂ ਨੌਕਰੀਆਂ ਦੇ ਨਿਯੁਕਤੀ ਪੱਤਰ ਉਸਦੇ ਹੱਥਾਂ ਵਿੱਚ ਵੰਡੇ ਗਏ ਸਨ। ਉਸ ਡਾਕੀਏ ਦਾ ਅਕਸ ਉਸ ਨੂੰ ਪ੍ਰਾਪਤ ਕਰਨ ਵਾਲਿਆਂ ਦੇ ਦਿਲ-ਦਿਮਾਗ ਉੱਤੇ ਅਮਿੱਟ ਹੈ। ਇੰਨਾ ਅਮਿੱਟ ਹੈ ਕਿ ਯੁੱਗ ਦਾ ਮਿਟਾਉਣ ਵਾਲਾ ਵੀ ਇਸ ਨੂੰ ਮਿਟਾ ਨਹੀਂ ਸਕਦਾ। ਪੋਸਟਮੈਨ ਦਾ ਥੈਲੇ ਵਿੱਚ ਕੋਈ ਚਿੱਠੀਆਂ ਨਹੀਂ ਸਨ, ਭਾਵਨਾਵਾਂ ਦਾ ਭੰਡਾਰ ਸੀ। ਅਜਿਹੀਆਂ ਭਾਵਨਾਵਾਂ, ਜਿਨ੍ਹਾਂ ਦੀ ਘਾਟ ਕਾਰਨ ਅੱਜ ਮਨੁੱਖ ਆਪਣੀ ਇਨਸਾਨੀਅਤ ਗੁਆ ਰਿਹਾ ਹੈ। ਮਨੁੱਖੀ ਕਦਰਾਂ-ਕੀਮਤਾਂ ਨੂੰ ਪਕੜ ਕੇ ਰੱਖ ਕੇ ਉਹ ਸਵਾਰਥ ਦੀ ਦਲਦਲ ਵਿੱਚ ਫਸੇ ਜਾ ਰਹੇ ਹਨ। ਉਸਦੇ ਬੈਗ ਵਿੱਚ ਕਿਸੇ ਦੇ ਵਿਆਹ ਦਾ ਸੱਦਾ ਸੀ ਤੇ ਕਿਸੇ ਦੀ ਮਜਬੂਰੀ ਦੀ ਕਹਾਣੀ। ਕਿਸੇ ਦੇ ਘਰ ਨਵਜੰਮੇ ਬੱਚੇ ਦੇ ਆਉਣ ਦੀ ਖੁਸ਼ੀ, ਕਿਸੇ ਦੇ ਘਰ ਦਾਦੀ ਜੀ ਦੇ ਤੁਰ ਜਾਣ ਦਾ ਉਦਾਸੀ। ਛੋਟੇ ਲਈ ਪਿਆਰ ਅਤੇ ਵੱਡਿਆਂ ਲਈ ਅਸੀਸ ਸੀ। ਕਿਸੇ ਹੋਰ ਤੋਂ ਵਿਛੋੜੇ ਦਾ ਦੁੱਖ ਮਿਲਾਪ ਦਾ ਸੁਖ। ਕੁਝ ਲਈ ਹੱਸੋ ਤੁਹਾਡੇ ਲਈ ਰੋਣ ਵਾਲੀ ਖਬਰ. ਇਹ ਕੋਈ ਥੈਲਾ ਨਹੀਂ ਸੀ, ਸਗੋਂ ਉਤਸ਼ਾਹ, ਪਿਆਰ, ਗੁੱਸਾ, ਹੈਰਾਨੀ, ਨਫ਼ਰਤ, ਹਾਸੇ, ਗ਼ਮ, ਡਰ, ਨਿਰਵੇਦ ਵਰਗੇ ਨਵਰਸ ਦਾ ਇੱਕ ਅਦਭੁਤ ਖ਼ਜ਼ਾਨਾ ਸੀ। ਜਿੰਨਾ ਜ਼ਿਆਦਾ ਉਹ ਖਰਚ ਕਰਦਾ ਸੀ, ਲੋਕ ਉਸ ਦੇ ਨੇੜੇ ਹੁੰਦੇ ਗਏ. ਉਹ ਇੱਕ ਜੀਵਤ ਚੁੰਬਕ ਸੀ, ਜੋ ਇੰਦਰੀਆਂ ਦੀ ਗੰਭੀਰਤਾ ਦੁਆਰਾ ਸਾਰਿਆਂ ਨੂੰ ਆਪਣੇ ਵੱਲ ਖਿੱਚਦਾ ਸੀ। ਕੋਈ ਸਮਾਂ ਸੀ, ਜਦੋਂ ਸਾਡਾ ਕੋਈ ਸਾਨੂੰ ਛੱਡ ਕੇ ਕਿਤੇ ਹੋਰ ਚਲਾ ਜਾਂਦਾ ਸੀ, ਉਸ ਦੀ ਯਾਦ ਸਾਨੂੰ ਦਿਲ ਦੀਆਂ ਗਹਿਰਾਈਆਂ ਤੱਕ ਹਿਲਾ ਦਿੰਦੀ ਸੀ। ਅਸੀਂ ਬੇਚੈਨ ਹੋ ਜਾਂਦੇ ਸੀ। ਫਿਰ ਸਾਡੇ ਕੋਲ ਕੋਈ ਵਿਕਲਪ ਨਹੀਂ ਹੋਵੇਗਾ, ਕੋਈ ਸਹਾਰਾ ਨਹੀਂ ਹੋਵੇਗਾ। ਸਿਰਫ਼ ਯਾਦਾਂ ਦੇ ਵਹਿਣ ਵਿੱਚ ਡੁੱਬਣ ਦੀ ਉਡੀਕ ਹੈ ਇਹ ਉਹ ਸੰਦੇਸ਼ ਸੀ ਜੋ ਸਾਨੂੰ ਮਿਲਦਾ ਸੀ। ਕਦੇ ਲਿਫ਼ਾਫ਼ੇ ਵਿੱਚ ਸੀਲ, ਕਦੇ ਅੰਦਰਲੇ ਪੱਤਰ ਵਿੱਚ ਅਤੇ ਕਦੇ ਰਜਿਸਟਰੀ ਵਿੱਚ। ਪੋਸਟ ਕਾਰਡ ਸਮੁੰਦਰ ਦੀ ਬੂੰਦ ਵਾਂਗ ਸਿਰਫ਼ ਬੁੱਲ੍ਹਾਂ ਨੂੰ ਗਿੱਲਾ ਕਰ ਦਿੰਦਾ ਸੀ, ਜੇ ਇਸ ਵਿੱਚ ਇੰਨਾ ਕੁਝ ਹੁੰਦਾ ਤਾਂ ਵੀ ਇੱਕ ਪਾਸੇ ਖਾਲੀ ਤੇ ਅੱਧਾ ਪਤਾ ਦੂਜੇ ਪਾਸੇ ਹੁੰਦਾ। ਭਾਵੇਂ ਅੰਦਰਲਾ ਅੱਖਰ ਕੋਈ ਬਹੁਤਾ ਵੱਡਾ ਨਹੀਂ ਸੀ, ਪਰ ਜਿਸ ਮਿੱਟੀ ਦੀ ਮਹਿਕ ਆਈ ਸੀ, ਉਸ ਤੋਂ ਭਾਵੇਂ ਇਹ ਆਸ ਭਰੀ ਹੋਈ ਹੋਵੇਗੀ ਕਿ ਇਹ ਮਨ ਦੀਆਂ ਭਾਵਨਾਵਾਂ ਨਾਲ ਇੱਕ ਤੋਂ ਵੱਧ ਪੰਨਿਆਂ 'ਤੇ ਭੇਜੀ ਗਈ ਹੋਵੇਗੀ। ਕਦੇ ਲਿਫਾਫੇ, ਅੱਖਰ ਚੁੰਮਦੇ ਉਹ ਸੁਗੰਧਿਤ ਖੁਸ਼ਬੂ ਨਾਲ ਵੀ ਮੋਹਿਤ ਸੀ, ਜੋ ਪੜ੍ਹਨ ਤੋਂ ਪਹਿਲਾਂ ਹੀ ਇੱਕ ਸੁਹਾਵਣਾ ਮਾਹੌਲ ਬਣਾਉਂਦੀ ਸੀ। ਜੋ ਕੁਝ ਕਿਹਾ ਗਿਆ ਅਤੇ ਜੋ ਨਹੀਂ ਕਿਹਾ ਗਿਆ ਉਹ ਸਭ ਕੁਝ ਉਨ੍ਹਾਂ ਵਿੱਚ ਸ਼ਾਮਲ ਸੀ। ਫਿਰ ਵੀ ਕਿਸੇ ਡਾਕੀਏ ਨੇ ਉਨ੍ਹਾਂ ਨੂੰ ਖੋਲ੍ਹਿਆ ਜਾਂ ਪੜ੍ਹਿਆ। ਹਾਂ, ਇਕ ਵਾਰ ਉਸ ਦੀਆਂ ਅੱਖਾਂ ਦੀ ਚਮਕ ਅਤੇ ਹਾਸੇ ਨੇ ਇਹ ਦਰਸਾ ਦਿੱਤਾ ਕਿ ਉਹ ਜਾਣਦਾ ਸੀ ਕਿ ਇਨ੍ਹਾਂ ਝਰਨਿਆਂ ਵਿਚ ਕਿਹੜਾ ਫੁੱਲ ਖਿੜ ਰਿਹਾ ਹੈ, ਜਿਸ ਦਾ ਅੰਦਾਜ਼ਾ ਉਸ ਨੇ ਮਹਿਕ-ਮੁੱਕਣ ਵਾਲੇ ਲਿਫਾਫੇ ਤੋਂ ਲਗਾਇਆ ਸੀ। ਹੁਣ ਇਸ ਯੁੱਗ ਵਿੱਚ ਜਦੋਂ ਪੋਸਟ ਕਾਰਡ, ਅੰਦਰਲੀ ਚਿੱਠੀਆਂ, ਲਿਫ਼ਾਫ਼ੇ ਸਿਰਫ਼ ਗਾਲ੍ਹਾਂ ਕੱਢ ਕੇ ਹੀ ਰੋਏ ਜਾ ਸਕਦੇ ਹਨ ਤਾਂ ਇਨ੍ਹਾਂ ਦੀ ਅਣਹੋਂਦ ਦਾ ਕੋਈ ਮਤਲਬ ਨਹੀਂ। ਹਾਏ, ਡਾਕੀਏ ਦੀ ਮਹੱਤਤਾ ਅੱਜ ਦੀ ਪੀੜ੍ਹੀ ਹੈਸਮਝ ਸਕੇ ਮੋਬਾਈਲ ਫੋਨ, ਐਸਐਮਐਸ, ਕੋਰੀਅਰ ਅਤੇ ਇੰਟਰਨੈਟ ਨੇ ਸੁਨੇਹਿਆਂ ਦੇ ਆਦਾਨ-ਪ੍ਰਦਾਨ ਨੂੰ ਆਸਾਨ ਬਣਾ ਦਿੱਤਾ ਹੈ, ਪਰ ਇੰਤਜ਼ਾਰ ਅਤੇ ਉਤਸ਼ਾਹ ਦੇ ਪਲ ਨੂੰ ਖੋਹ ਲਿਆ ਹੈ ਜਿਸਦੀ ਲੋਕ ਕਦੇ ਇੰਤਜ਼ਾਰ ਕਰਦੇ ਸਨ। ਇੱਕ ਸਮਾਜ ਜੋ ਬੇਕਾਰ ਹੁੰਦਾ ਜਾ ਰਿਹਾ ਹੈ, ਪੋਸਟਮੈਨ ਹੁਣ ਚਿੱਠੀਆਂ ਨਹੀਂ ਵੰਡਦੇ, ਪਰ ਇੱਕ ਅਲੋਪ ਹੋ ਰਹੀ ਪ੍ਰਜਾਤੀ ਵਜੋਂ ਗਿਣੇ ਜਾਂਦੇ ਹਨ।

*-ਵਿਜੈ ਗਰਗ*

*ਰਿਟਾਇਰਡ ਪ੍ਰਿੰਸੀਪਲ, ਮਲੋਟ।*

# ਰੁਕ-ਰੁਕ ਕੇ ਹਮਲਾਵਰ ਹੁੰਦਾ ਰਹੇਗਾ ਕਰੋਨਾ ਵਾਇਰਸ

ਵਿਸ਼ਵ ਸਿਹਤ ਸੰਗਠਨ ਦੇ ਵਿਗਿਆਨਕਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਰੋਨਾ ਕਦੇ ਨਾ ਨਸ਼ਟ ਹੋਣ ਵਾਲਾ ਅਜਿਹਾ ਜਾਨਲੇਵਾ ਸੰਕਰਮਣ ਹੈ ਜਿਸਦੀ ਮਹੀਨਿਆਂ ਅਤੇ ਸਾਲ ਦੇ ਵਕਫ਼ੇ ਦੌਰਾਨ ਮਨੁੱਖੀ ਸ਼ਰੀਰ ਅੰਦਰ ਆਉਣ ਦੀ ਸੰਭਾਵਨਾ ਹਮੇਸ਼ਾ ਬਰਕਰਾਰ ਰਹਿੰਦੀ ਹੈ। ਵਿਗਿਆਨਕਾਂ ਨੇ ਅੱਗੇ ਇਹ ਵੀ ਜ਼ਾਹਿਰ ਕੀਤਾ ਹੈ ਕਿ ਕਰੋਨਾ ਵਾਇਰਸ ਦੇ ਵੇਰੀਐਂਟ ਨੂੰ ਪੂਰਨ ਰੂਪ ਵਿਚ ਖ਼ਤਮ ਨਹੀਂ ਕੀਤਾ ਜਾ ਸਕਦਾ, ਉਸ ਤੋਂ ਬਚਾਅ ਅਤੇ ਜੀਵਾਣੂਆਂ ਨਾਲ ਲੜਨ ਲਈ ਸਿਰਫ ਦਵਾਈ ਜਾਂ ਵੈਕਸੀਨ ਲਈ ਜਾ ਸਕਦੀ ਹੈ।ਕਰੋਨਾ ਤੋਂ ਦੂਰ ਰਹਿਣ ਲਈ ਸਿਰਫ ਅਤੇ ਸਿਰਫ ਸਾਵਧਾਨੀ ਅਤੇ ਸਿਹਤ ਮਾਹਿਰਾਂ ਵੱਲੋਂ ਦਿੱਤੇ ਜਾਣ ਵਾਲੀਆਂ ਹਦਾਇਤਾਂ ਦੀ ਹੀ ਪਾਲਣਾ ਕਰਨੀ ਹੋਵੇਗੀ ਵਰਨਾ ਇਹ ਵਾਇਰਸ ਜਾਨਲੇਵਾ ਤਾਂ ਹੈ ਹੀ। ਕੀ ਤੁਹਾਨੂੰ ਨਹੀਂ ਲੱਗਦਾ ਕਿ ਇਕ ਦੂਜੇ ਦੇ ਸੰਕਰਮਣ ਨਾਲ ਫੈਲਣ ਵਾਲਾ ਭਿਆਨਕ ਕਰੋਨਾ ਨਾ ਸਿਰਫ ਇਕ ਕੁਦਰਤੀ ਆਫਤ ਅਤੇ ਪ੍ਰਕਿਰਤੀ ਨਾਲ ਛੇੜਛਾੜ ਦਾ ਨਤੀਜਾ ਹੈ, ਸਗੋਂ ਆਪਣੀ ਕੁਦਰਤ ਪ੍ਰਤੀ ਜਿੰਮੇਵਾਰੀ ਭੁਲਾ ਚੁੱਕੇ ਕੁਝ ਲੋਕਾਂ ਦੇ ਵਿਗੜੇ ਮਾਨਸਿਕ ਸੰਤੁਲਨ ਦਾ ਸਿੱਟਾ ਵੀ ਹੈ।



ਕੁਦਰਤ ਨੇ ਸਾਨੂੰ ਪਹਿਲਾਂ ਤੋਂ ਹੀ ਸਚੇਤ ਕਰ ਰੱਖਿਆ ਸੀ , ਪਹਿਲਾਂ ਸੁਨਾਮੀ, ਹੜ੍ਹ, ਸੋਕਾ ਅਤੇ ਢਿੱਗਾਂ ਡਿੱਗਣ ਦੇ ਨਤੀਜਿਆਂ ਨੇ ਸਾਨੂੰ ਸਚੇਤ ਕੀਤਾ ਸੀ ਅਤੇ ਨਾ ਜਾਣੇ ਐਨੀਆਂ ਭਿਆਨਕ ਆਫ਼ਤਾਂ ਨਾਲ ਕਿੰਨੇ ਲੋਕ ਕਾਲ ਦੇ ਮੂੰਹ ’ਚ ਸਮਾਂ ਚੁੱਕੇ ਹਨ।ਹਰ ਸਾਲ ਸੁਨਾਮੀ, ਮਿੱਟੀ ਖਿਸਕਣ, ਅਤੇ ਹੜ੍ਹਾਂ ਨਾਲ ਮਰਨ ਵਾਲਿਆਂ ਦੀ ਗਿਣਤੀ ਹਜ਼ਾਰਾਂ ’ਚ ਹੁੰਦੀ ਰਹੀ ਹੈ, ਪਰ ਕੁਝ ਦੇਸ਼ਾਂ ਦੇ ਨਾਗਰਿਕਾਂ ਦੀ ਮਾਨਸਿਕਤਾ ਬਾਰੇ ਕੀ ਕਹੀਏ, ਜਿਨ੍ਹਾਂ ਨੇ ਸਬਜੀ, ਦੁੱਧ, ਫਲ, ਸੁੱਕੇ ਮੇਵੇ ਆਦਿ ਨੂੰ ਛੱਡ ਕੇ ਕੁੱਤੇ , ਬਿੱਲੀ, ਸੱਪ, ਚਮਗਿੱਦੜ, ਸੂਰ ਆਦਿ ਖਾਣ ਦੀ ਇੱਛਾ ਆਪਣੇ ਅੰਦਰ ਬਾਲ ਰੱਖੀ ਸੀ ਅਤੇ ਉਨ੍ਹਾਂ ਨੇ ਇਸਦਾ ਰੋਜਾਨਾ ਸੇਵਨ ਸ਼ੁਰੂ ਕਰ ਦਿੱਤਾ ।ਚੀਨ ਸਹਿਤ ਦੁਨੀਆਂ ’ਚ ਕਈ ਅਜਿਹੇ ਦੇਸ਼ ਹਨ ਜੋ ਹਰ ਰੋਜ਼ ਜੀਵ-ਜੰਤੂਆਂ ਦਾ ਮਾਸ ਖਾਕੇ ਨਵੀਆਂ ਬਿਮਾਰੀਆਂ ਨੂੰ ਜਨਮ ਦੇ ਰਹੇ ਹਨ।

ਚੀਨ ਵੱਲੋਂ ਚਮਗਾਦੜ, ਸੱਪ, ਕੇਕੜੇ ਅਤੇ ਨਾ ਜਾਣੇ ਕਿੰਨੇ ਜੀਵ - ਜੰਤੂਆਂ ਦਾ ਮਾਸ ਆਪਣੇ ਖਾਣੇ ’ਚ ਇਸਤਮਾਲ ਕੀਤਾ ਜਾਂਦਾ ਹੈ। ਅਤੇ ਇਸੇ ਦਾ ਨਤੀਜਾ ਹੈ ਕਿ ਚਮਗਾਦੜ ’ਤੇ ਕਈ ਤਰ੍ਹਾਂ -ਤਰ੍ਹਾਂ ਦੇ ਜੈਵਿਕ ਪ੍ਰੀਖਣ ਕਰਕੇ ਕਰੋਨਾ ਵਾਇਰਸ ਜਿਹੀ ਭਿਆਨਕ ਅਤੇ ਜਾਨਲੇਵਾ ਬਿਮਾਰੀ ਪੈਦਾ ਕਰ ਦਿੱਤੀ ਗਈ ਅਤੇ ਇਹੋ ਕਰੋਨਾ ਵਾਇਰਸ ਪੂਰੇ ਵਿਸ਼ਵ ਭਰ ’ਚ ਮੌਤ ਦੀ ਖੇਡ ਰਚਾ ਕੇ ਲੱਖਾਂ ਲੋਕਾਂ ਦੀਆਂ ਕੀਮਤੀ ਜਾਨਾ ਜਾਣ ਦਾ ਕਾਰਨ ਵੀ ਬਣਿਆ ਹੈ। ਇਹ ਮਨੁੱਖੀ ਮਾਨਸਕ ਐਸੰਤੁਲਣ ਅਤੇ ਪਾਗਲਪਨ ਦਾ ਇਕ ਭਿਆਨਕ ਨਤੀਜਾ ਹੈ, ਜਿਸਦਾ ਇਕਦਮ ਸਹੀ ਅਤੇ ਸਟੀਕ ਇਲਾਜ ਲੱਭਣ ਦੇ ਲਈ ਵਿਗਿਆਨਕਾਂ ਦਾ ਸਿਰ ਤੋਂ ਪੈਰਾਂ ਤੱਕ ਪਸੀਨਾ ਛੁੱਟ ਗਿਆ ਹੈ। ਫਿਰ ਵੀ ਵਿਗਿਆਨਕ ਇਸ ਕੋਵਿਡ-19 ਦੇ ਵਾਇਰਸ ਦਾ 100 ਫੀਸਦ ਇਲਾਜ ਨਹੀਂ ਲੱਭ ਸਕੇ ਹਨ।

ਧਰਤੀ ’ਤੇ ਬਹੁਤ ਸਾਰੀਆਂ ਸਕਰਾਤਮਕ ਚੀਜਾਂ ਹਨ।ਪਾਣੀ ,ਹਵਾ, ਮਿੱਟੀ ਦੇ ਤੱਤ, ਦਰੱਖਤ, ਝਰਨੇ, ਸਮੁੰਦਰ, ਤਲਾਬ , ਨਦੀਆਂ ਇਨ੍ਹਾਂ ਸਭ ਦਾ ਬਿਹਤਰ ਇਸਤਮਾਲ ਕਰਕੇ ਮਨੁੱਖ ਧਰਤੀ ਨੂੰ ਖੁਸ਼ਹਾਲ ਅਤੇ ਮਾਲਾਮਾਲ ਕਰਦਾ ਆਇਆ ਹੈ। ਨਾਲ ਹੀ ਆਪਣੇ ਜੀਵਨ ’ਚ ਇਸਤਮਾਲ ਲਈ ਸਬਜੀਆਂ, ਫਲ, ਦੇਸੀ ਦਵਾਈਆਂ ਅਤੇ ਅਣਗਿਣਤ ਕੁਦਰਤੀ ਤੱਤ ਜਿਵੇਂ, ਹੀਰੇ, ਮੋਤੀ, ਸੋਨਾ, ਤਾਂਬਾ, ਪਿੱਤਲ ਆਦਿ ਕੱਢ ਕੇ ਜਿੰਦਗੀ ਨੂੰ ਸੁਚਾਰੂ ਰੂਪ ’ਚ ਚਲਾਉਣ ਲਈ ਵੀ ਸਫਲ ਹੋਇਆ ਹੈ। ਪਰ ਕੁਝ ਲੋਕਾਂ ਨੇ ਆਪਣੀ ਦਿਮਾਗੀ ਪ੍ਰੇਸ਼ਾਨੀ ਜਾਂ ਜੀਭ ਦੇ ਸੁਵਾਦ ਦੇ ਚੱਲਦਿਆਂ ਬੇਜੁਬਾਨ ਜਾਨਵਰਾਂ ਨੂੰ ਕਤਲ ਕਰ ਖਾਣੇ ’ਚ ਸ਼ਾਮਲ ਕਰਕੇ ਕੁਦਰਤੀ ਸੰਤੁਲਣ ਨੂੰ ਵਿਗਾੜਨ ਦਾ ਜ਼ੋਖਮ ਚੱਕਿਆ ।ਇਸੇ ਤਰ੍ਹਾਂ ਰੁੱਖ, ਪਾਣੀ, ਮਿੱਟੀ ਹਵਾ ਨੂੰ ਨਾ ਬਚਾ ਕੇ ਅਤੇ ਗੈਰ-ਕੁਦਰਤੀ ਚੀਜਾਂ ਦਾ ਇਸਤੇਮਾਲ ਕਰਕੇ ਦੁਨੀਆਂ ਦਾ ਤਾਪਮਾਨ ਵਧਾ ਕੇ ਮਨੁੱਖ ਜਾਤਿ ਦੇ ਲਈ ਅਨੇਕਾਂ ਖ਼ਤਰੇ ਅਤੇ ਮੁਸੀਬਤਾਂ ਪੈਦਾ ਕਰ ਲਈਆਂ ਹਨ। ਦਰੱਖਤਾਂ ਦੀ ਅੰਨੇਵਾਹ ਕਟਾਈ ਦੇ ਕਾਰਨ ਵਾਤਾਵਰਣ ਪ੍ਰਦੂਸ਼ਣ ਸ਼ਹਿਰਾਂ ’ਤੇ ਛਾਇਆ ਹੋਇਆ ਹੈ।ਵਿਸ਼ਵ ਪੱਧਰ ’ਤੇ ਵਧਦਾ ਤਾਪਮਾਨ ਵੀ ਲੱਖਾਂ ਲੋਕਾਂ ਦੀ ਮੌਤ ਦਾ ਕਾਰਨ ਬਣਿਆ ਹੈ। ਕੁਦਰਤ ਨਾਲ ਇਸ ਭਿਆਨਕ ਛੇੜਛਾੜ ਦੇ ਕਾਰਨ ਹਰ ਸ਼ਹਿਰ ਹਰ ਦੇਸ਼ ਲੱਖਾਂ ਲੋਕ ਮੌਤ ਦੀ ਬੁੱਕਲ ਵਿਚ ਚਲੇ ਗਏ ਹਨ। ਪਰ ਕੁਝ ਲੋਕਾਂ ਦੇ ਮਾਨਸਿਕ ਐਸੰਤੁਲਣ ਦੇ ਕਾਰਨ ਨਾ ਸਿਰਫ ਮਨੁੱਖੀ ਸ਼ਰੀਰ ਨਸ਼ਟ ਹੋ ਰਿਹਾ ਹੈ, ਸਗੋਂ ਲੱਖਾਂ ਬੇਜ਼ੁਬਾਨ ਅਤੇ ਨਿਰਦੋਸ਼ ਜਾਨਵਰ, ਜੀਵ-ਜੰਤੂ ਵੀ ਮੌਤ ਦੇ ਘਾਟ ਉਤਾਰ ਦਿੱਤੇ ਜਾਂਦੇ ਹਨ।

ਚੀਨ ਅਤੇ ਵਿਸ਼ਵ ਦੇ ਆਦਿਵਾਸੀ ਲੋਕ ਸੱਪ, ਬਿੱਛੂ, ਚਮਗਾਦੜ ਅਤੇ ਹੋਰ ਜੀਵ-ਜੰਤੂਆਂ ਦਾ ਸ਼ਿਕਾਰ ਕਰਕੇ ਜੀਵਾਂ ਪ੍ਰਤੀ ਬਰਬਰਤਾ ਦਾ ਸਬੂਤ ਦੇਕੇ ਆਪਣੀ ਭੁੱਖ ਸ਼ਾਂਤ ਕਰ ਰਹੇ ਹਨ। ਅਜਿਹੇ ’ਚ ਕੁਦਰਤ ਵੀ ਇਨ੍ਹਾ ਦੇ ਘਿਣਾਉਣੇ ਕਰਮਾਂ ਅਤੇ ਪਾਗਲਪਨ ਦੇ ਬਦਲੇ ਨਵੀਆਂ ਬਿਮਾਰੀਆਂ ਪੈਦਾ ਕਰ ਮੌਤ ਦੇ ਅਨੇਕਾਂ ਨਵੇਂ ਕਾਰਨ ਸਿਰਜ਼ ਰਹੀ ਹੈ।

ਅਹਿਮ ਗੱਲ ਇਹ ਹੈ ਕਿ ਵਿਸ਼ਵ ਪੱਧਰ ’ਤੇ ਕਰੋਨਾ ਨੇ ਅਲੱਗ- ਅਲੱਗ ਦੇਸ਼ਾਂ ਦੇ ਲੱਖਾਂ ਲੋਕਾਂ ਨੂੰ ਮੌਤ ਦਿੱਤੀ ਹੈ ਅਤੇ ਇਸ ਮਹਾਂਮਾਰੀ ਨੂੰ ਪੈਦਾ ਕਰਨ ਵਾਲੇ ਚੀਨ ’ਤੇ ਕੋਈ ਕਾਰਵਾਈ ਜਾਂ ਸਮਾਜਕ-ਵਪਾਰਕ ਰੋਕ ਲਾਉਣ ਬਾਰੇ ਕਿਸੇ ਵੀ ਦੇਸ਼ ਨੇ ਇਕੱਠਿਆਂ ਹੋਣ ’ਤੇ ਕੋਈ ਵਿਚਾਰ ਨਹੀਂ ਕੀਤਾ। ਚੀਨ ਵੱਲੋਂ ਇਹ ਇਕ ਤਰ੍ਹਾਂ ਦਾ ਰਸਾਇਣਕ ਹਥਿਆਰ ਇਸਤਮਾਲ ਕਰਕੇ ਆਪਣੀ ਮਨੁੱਖਤਾ ਮਾਰੂ ਮਾਨਸਿਕਤਾ ਨੂੰ ਉਜਾਗਰ ਕੀਤਾ ਹੈ। ਤੁਹਾਨੂੰ ਇੰਝ ਨਹੀਂ ਲੱਗਦਾ ਕਿ ਚੀਨ ਇਸੇ ਤਰ੍ਹਾਂ ਦੇ ਹੋਰ ਰਸਾਇਣਕ ਜਾਂ ਜੈਵਿਕ ਹਥਿਆਰਾਂ ਦਾ ਇਸਤੇਮਾਲ ਕਰਕੇ ਪੂਰੇ ਵਿਸ਼ਵ ਅਤੇ ਮਨੁੱਖਤਾ ਨੂੰ ਖ਼ਤਰੇ ’ਚ ਪਾ ਸਕਦਾ ਹੈ।ਕਿਉਂਕਿ ਚੀਨ ਅਤੇ ਉਥੋਂ ਦਾ ਸ਼ਾਸਨ ਤੰਤਰ ਹਜੇ ਵੀ ਸਭ ਤੋਂ ਤਾਕਤਵਰ ਬਣਨ ਦੀ ਦੌੜ ਕਾਰਨ ਆਪਣੇ ਵਿਸਤਾਰਵਾਦੀ ਅਤੇ ਮਨੁੱਖਤਾ ਦਾ ਘਾਣ ਕਰਨ ਵਾਲੇ ਇਰਾਦਿਆਂ ’ਤੇ ਡਟਿਆ ਹੋਇਆ ਹੈ। ਚੀਨ ਦੀ ਸਾਜ਼ਿਸ਼ ਦੇ ਤਹਿਤ ਹੀ ਇਹ ਵਾਇਰਸ ਪੂਰੀ ਦੁਨੀਆਂ ਵਿਚ ਫੈਲਿਆ ਹੈ। ਸੋ ਵਿਸ਼ਵ ਪੱਧਰ ’ਤੇ ਸੰਯੁਕਤ ਰਾਜ ਸੰਘ ਨੂੰ ਦੁਨੀਆਂ ਦੇ ਹਰ ਮੁਲਕ ’ਤੇ ਕਿਸੇ ਤਰ੍ਹਾਂ ਦਾ ਰਸਾਇਣਕ ਜਾਂ ਜੈਵਿਕ ਪ੍ਰੀਖਣ ਕਰਨ ’ਤੇ ਰੋਕ ਲਗਾ ਕੇ ਤੁਰੰਤ ਉਸਦੀ ਸੰਯੁਕਤ ਰਾਸ਼ਟਰ ਸੰਘ ਦੀ ਹਿੱਸੇਦਾਰੀ ਨੂੰ ਰੱਦ ਕਰਨਾ ਚਾਹੀਦਾ ਹੈ।ਕੁਦਰਤ ਦਾ ਘਾਣ ਕਰਨ ਅਤੇ ਮਨੁਖਤਾ ਮਾਰੂ ਕੰਮ ਕਰਨ ਵਾਲੇ ਚੀਨ ਦੇ ਖਿਲਾਫ ਵੀ ਅੰਤਰਰਾਸ਼ਟਰੀ ਮੰਚ ’ਤੇ ਕਾਰਵਾਈ ਹੋਣੀ ਚਾਹੀਦੀ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਭਵਿੱਖ ਵਿਚ ਵੀ ਮਨੁੱਖ ਜਾਤਿ ਇਸ ਤਰ੍ਹਾਂ ਦੇ ਰਸਾਇਣਕ ਅਤੇ ਜੈਵਿਕ ਹਥਿਆਰਾਂ ਦੀ ਬਲੀ ਚੜ੍ਹਦੀ ਰਹੇਗੀ ਅਤੇ ਉੱਤਰ ਕੋਰੀਆ ਅਤੇ ਚੀਨ ਜਿਹੇ ਦੇਸ਼ਾਂ ਦੇ ਹੁਕਮਰਾਨਾਂ ਦੇ ਮਾਨਸਿਕ ਪਾਗਲਪਨ ਦੇ ਕਾਰਨ ਅਨੇਕਾਂ ਖ਼ਤਰਨਾਕ ਅਤੇ ਸ਼ਰੀਰ ਨੂੰ ਨਸ਼ਟ ਕਰਨ ਵਾਲੇ ਕੈਮੀਕਲ ਹਥਿਆਰ ਭਵਿੱਖ ਵਿਚ ਵੀ ਸਾਰੀ ਮਨੁੱਖਤਾ ਦੀ ਜਿੰਦਗੀ ਨਾਲ ਖੇਡਦੇ ਰਹਿਣਗੇ ਅਤੇ ਲੋਕ ਇਸੇ ਤਰ੍ਹਾਂ ਮੌਤ ਦੀ ਭੇਂਟ ਚੜ੍ਹਦੇ ਰਹਿਣਗੇ।ਇਹ ਪੂਰੇ ਵਿਸ਼ਵ ਅੱਗੇ ਅੱਜ ਇਕ ਬਹੁਤ ਵੱਡੀ ਸਮੱਸਿਆ ਬਣਕੇ ਖੜੀ ਹੋਈ ਹੈ। ਅਤੇ ਇਸ ਦਾ ਠੋਸ ਹੱਲ ਲੱਭਣਾ ਬਹੁਤ ਜ਼ਰੂਰੀ ਹੈ।

*-ਹਰਪ੍ਰੀਤ ਸਿੰਘ ਬਰਾੜ*

*ਸਿਹਤ, ਸਿੱਖਿਆ ਅਤੇ ਸਮਾਜਿਕ ਲੇਖਕ*

*ਏਅਰ ਫੋਰਸ ਰੋਡ,ਬਠਿੰਡਾ।*

## ਬਿਊਟੀ ਟਿਪਸ : **ਬੇਦਾਗ ਸਕਿਨ ਲਈ ਬੈਸਟ ਹਨ ਇਹ ਘਰੇਲੂ ਫੇਸ ਮਾਸਕ**

ਘਰੇਲੂ ਚੀਜ਼ਾਂ ਨਾਲ ਬਣਾਏ ਫੇਸ ਮਾਸਕ ਤੁਹਾਡੇ ਚਿਹਰੇ ਲਈ ਬਹੁਤ ਹੀ ਫਾਇਦੇਮੰਦ ਸਾਬਿਤ ਹੁੰਦਾ ਹੈ ਤੇ ਇਸ ਨਾਲ ਚਿਹਰੇ ਦੀ ਖੂਬਸੂਰਤੀ ਵਧਦੀ ਹੈ, ਕਿਉਂਕਿ ਇਹ ਫੇਸ ਮਾਸਕ ਕੁਦਰਤੀ ਚੀਜ਼ਾਂ ਤੋਂ ਬਣੇ ਹੁੰਦੇ ਹਨ। ਜਿਵੇਂ ਸ਼ਹਿਦ, ਖੀਰਾ, ਕੇਲਾ, ਪਪੀਤਾ ਆਦਿ। ਆਓ ਜਾਣਦੇ ਹਾਂ ਤੁਸੀਂ ਇਨ੍ਹਾਂ ਕੁਦਰਤੀ ਚੀਜ਼ਾਂ ਨਾਲ ਫੇਸ ਮਾਸਕ ਕਿਵੇਂ ਬਣ ਸਕਦੇ ਹੋ :

ਸ਼ਹਿਦ, ਕੇਲੇ, ਪਪੀਤੇ ਦਾ ਫੇਸ ਮਾਸਕ: ਅੱਧੇ ਪੱਕੇ ਕੇਲੇ ਮਸਲ ਲਓ ਅਤੇ ਇਸ ਵਿੱਚ ਦੁੱਧ, ਇੱਕ ਵੱਡਾ ਚਮਚ ਚੰਦਨ ਪਾਊਡਰ ਅਤੇ ਅੱਧਾ ਵੱਡਾ ਚਮਚ ਸ਼ਹਿਦ ਮਿਲਾ ਲਓ। ਇਸ ਮਾਸਕ ਨੂੰ 20-25 ਮਿੰਟ ਤੱਕ ਚਿਹਰੇ ਉੱਤੇ ਲੱਗਾ ਰਹਿਣ ਦੇ ਬਾਅਦ ਹਲਕੇ ਕੋਸੇ ਪਾਣੀ ਨਾਲ ਧੋ ਲਓ।



ਇਹ ਮਾਸਕ ਆਇਲੀ ਸਕਿਨ ਲਈ ਬੇਹੱਦ ਲਾਭਦਾਇਕ ਹੈ।

ਦਾਲ ਮਾਸਕ: ਆਇਲੀ ਸਕਿਨ ਲਈ ਵੱਡਾ ਚਮਚ ਮੂੰਗੀ ਦੀ ਦਾਲ ਕੁਝ ਘੰਟੇ ਪਾਣੀ ਵਿੱਚ ਭਿਉਂ ਦਿਓ। ਇਸ ਦੇ ਬਾਅਦ ਇਸ ਨੂੰ ਪੀਸ ਲਓ ਤੇ ਇਸ ਵਿੱਚ ਇੱਕ ਵੱਡਾ ਚਮਚ ਟਮਾਟਰ ਦਾ ਗੁੱਦਾ ਮਿਲਾ ਲਓ। ਹਲਕੇ ਹੱਥਾਂ ਨਾਲ ਮਸਾਜ ਕਰਦੇ ਹੋਏ ਇਸ ਨੂੰ ਚਿਹਰੇ ਉੱਤੇ ਲਾਓ। ਵੀਹ ਮਿੰਟ ਬਾਅਦ ਇਸ ਨੂੰ ਪਾਣੀ ਨਾਲ ਧੋ ਲਓ। ਇਸ ਨਾਲ ਸਕਿਨ ਵਿੱਚ ਚਮਕ ਆਉਂਦੀ ਹੈ।

ਸ਼ਹਿਦ ਅਤੇ ਦਹੀਂ ਦਾ ਮਾਸਕ: ਸ਼ਹਿਦ ਅਤੇ ਦਹੀਂ ਵਿੱਚ ਜ਼ਰਾ ਜਿੰਨੀ ਰੈੱਡ ਵਾਈਨ ਮਿਲਾ ਲਓ। ਇਸ ਨੂੰ ਚਿਹਰੇ ਉੱਤੇ ਵੀਹ ਮਿੰਟ ਤੱਕ ਲਾਈ ਰੱਖਣ ਪਿੱਛੋਂ ਸਾਦੇ ਪਾਣੀ ਨਾਲ ਧੋ ਲਓ। ਇਹ ਟੈਨਿੰਗ ਦੂਰ ਕਰ ਕੇ ਚਮੜੀ ਵਿੱਚ ਚਮਕ ਲਿਆਉਂਦਾ ਹੈ ਅਤੇ ਚਮੜੀ ਨੂੰ ਮੁਲਾਇਮ ਬਣਾਉਂਦਾ ਹੈ।

ਖੀਰਾ ਅਤੇ ਪਪੀਤੇ ਦਾ ਮਾਸਕ: ਖੀਰਾ ਅਤੇ ਪੱਕੇ ਪਪੀਤੇ ਦਾ ਗੁੱਦਾ ਦਹੀਂ ਵਿੱਚ ਮਿਕਸ ਕਰ ਲਓ ਅਤੇ ਉਸ ਵਿੱਚ ਦੋ ਛੋਟੇ ਜੌਂ ਅਤੇ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾ ਲਓ। ਇਸ ਨੂੰ ਚਿਹਰੇ ਅਤੇ ਗਰਦਨ ਉੱਤੇ ਲਾਓ। ਅੱਧੇ ਘੰਟੇ ਬਾਅਦ ਇਸ ਨੂੰ ਪਾਣੀ ਨਾਲ ਧੋ ਲਓ। ਇਸ ਨਾਲ ਤੁਹਾਡੇ ਚਿਹਰੇ ਵਿੱਚ ਨਿਖਾਰ ਆਏਗਾ।




## ਜੀਜੇ ਵੱਲੋਂ ਤੇਜ਼ਧਾਰ ਹਥਿਆਰ ਨਾਲ ਸਾਲੇ ਦਾ ਕਤਲ





ਕੁਰਾਲੀ, 19 ਜੁਲਾਈ (ਪੋਸਟ ਬਿਊਰੋ)- ਸਥਾਨਕ ਸ਼ਹਿਰ ਦੇ ਹਸਪਤਾਲ ਨੇੜੇ ਜੀਜੇ ਵੱਲੋਂ ਸ਼ਰੇਆਮ ਤੇਜ਼ਧਾਰ ਹਥਿਆਰ ਨਾਲ ਆਪਣੇ ਸਾਲੇ ਦਾ ਕਤਲ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਰਤਨਗੜ੍ਹ ਸਿੰਬਲ ਦਾ ਨੌਜਵਾਨ ਚੰਨਪ੍ਰੀਤ ਸਿੰਘ ਆਪਣੀ ਭੈਣ ਨਰਿੰਦਰ ਕੌਰ ਨਾਲ ਸ਼ਹਿਰ ਵਿੱਚ ਖਰੀਦਦਾਰੀ ਕਰਨ ਗਿਆ ਹੋਇਆ ਸੀ। ਇਸ ਦੌਰਾਨ ਜਦੋਂ ਉਹ ਦੋਵੇਂ ਸ਼ਹਿਰ ਦੇ ਸਿਵਲ ਹਸਪਤਾਲ ਅੱਗੇ ਦੁਕਾਨ ਉੱਤੇ ਕੁਝ ਸਾਮਾਨ ਖਰੀਦਣ ਰੁਕੇ ਤਾਂ ਇੱਕ ਵਿਅਕਤੀ ਨੇ ਉਨ੍ਹਾਂ ਉੱਤੇ ਤੇਜ਼ਧਾਰ ਹਥਿਆਰ ਨਾਲ ਕਈ ਵਾਰ ਕਰ ਦਿੱਤੇ, ਜਿਸ ਕਾਰਨ ਉਹ ਲਹੂ-ਲੁਹਾਨ ਹੋ ਕੇ ਡਿੱਗ ਪਿਆ। ਚੰਨਪ੍ਰੀਤ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਦੋਂ ਤਕ ਉਸਦੀ ਮੌਤ ਹੋ ਚੁੱਕੀ ਸੀ।ਮੌਕੇ ਉੱਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਹਮਲਾਵਰ ਇੱਕ ਕਾਰ ਵਿੱਚ ਆਇਆ ਸੀ, ਜੋ ਮੋਟਰਸਾਈਕਲ ਉੱਤੇ ਖਰੀਦਦਾਰੀ ਕਰਨ ਆਏ ਭੈਣ-ਭਰਾ ਦਾ ਪਿੱਛਾ ਕਰ ਰਿਹਾ ਸੀ। ਇਸ ਨਰਿੰਦਰ ਕੌਰ ਨੇ ਦੱਸਿਆ ਕਿ ਹਮਲਾ ਕਰਨ ਵਾਲਾ ਉਸ ਦਾ ਪਤੀ ਸਿਮਰਨਜੀਤ ਸਿੰਘ ਸੀ, ਜਿਸ ਦਾ ਉਸ ਦੇ ਪੇਕਿਆਂ ਨਾਲ ਝਗੜਾ ਚੱਲਦਾ ਸੀ ਤੇ ਉਹ ਉਸਦੇ ਭਰਾ ਨੂੰ ਮਾਰਨ ਦੀਆਂ ਧਮਕੀਆਂ ਦੇਂਦਾ ਸੀ। ਸਿਟੀ ਐਸ ਐਚ ਓ ਸੁਖਦੀਪ ਕੌਰ ਮੌਕੇ ਉੱਤੇ ਪੁੱਜੀ ਅਤੇ ਇਸ ਬਾਰੇ ਪੁਲਸ ਵੱਲੋਂ ਹਮਲਾਵਰ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸਾਬਕਾ ਮੰਤਰੀ ਗਿਲਜੀਆਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲੱਗੀ, ਆਸ਼ੂ ਦੀ ਅਰਜ਼ੀ ਉੱਤੇ ਨੋਟਿਸ ਜਾਰੀ



ਚੰਡੀਗੜ੍ਹ, 19 ਜੁਲਾਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਭ੍ਰਿਸ਼ਟਾਚਾਰ ਕੇਸ ਵਿੱਚ ਨਾਮਜ਼ਦ ਪੰਜਾਬ ਦੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਦੀ ਗ੍ਰਿਫ਼ਤਾਰੀ ਉੱਤੇ ਅਗਲੇ ਹੁਕਮ ਤਕ ਰੋਕ ਲਾ ਦਿੱਤੀ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਇਹ ਹੁਕਮ ਜਸਟਿਸ ਲੀਜਾ ਗਿੱਲ ਨੇ ਦਿੱਤਾ ਹੈ।ਦੂਸਰੇ ਪਾਸੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਸਾਬਕਾ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਅਰਜ਼ੀ ਉੱਤੇ ਹਾਈ ਕੋਰਟ ਦੇਜਸਟਿਸ ਰਾਜਮੋਹਨ ਸਿੰਘ ਨੇ ਪੰਜਾਬ ਸਰਕਾਰ ਨੂੰ 25 ਜੁਲਾਈ ਲਈ ਨੋਟਿਸ ਜਾਰੀ ਕਰ ਕੇ ਜਾਂਚ ਦੀ ਸਟੇਟਸ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ।

ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਆਪਣੀ ਗ੍ਰਿਫ਼ਤਾਰੀ ਦੀ ਸੰਭਾਵਨਾ ਦੇ ਕਾਰਨ ਅਗੇਤੀ ਜਮਾਨਤ ਦੀ ਮੰਗ ਕੀਤੀ ਹੈ। ਇਸ ਅਰਜ਼ੀ ਵਿੱਚ ਗ੍ਰਿਫ਼ਤਾਰੀ ਤੋਂ ਪਹਿਲਾਂ ਸੱਤ ਦਿਨ ਦਾ ਨੋਟਿਸ ਦੇਣ ਦੀ ਮੰਗ ਕੀਤੀ ਗਈ ਹੈ। ਆਸ਼ੂ ਉੱਤੇ ਦੋ ਹਜ਼ਾਰ ਕਰੋੜ ਰੁਪਏ ਦੇ ਟੈਂਡਰਾਂ ਵਿੱਚ ਘੋਟਾਲਾ ਕਰਨ ਦੇ ਦੋਸ਼ ਹਨ। ਇੱਕ ਠੇਕੇਦਾਰ ਯੂਨੀਅਨ ਦੇ ਦੋਸ਼ਾਂ ਦੇ ਬਾਅਦ ਵਿਜੀਲੈਂਸ ਨੇ ਇਸ ਦੀ ਜਾਂਚ ਐਸ ਐਸ ਪੀ ਪੱਧਰ ਦੇ ਅਫਸਰ ਨੂੰ ਸੌਂਪੀ ਹੈ। ਕਿਹਾ ਜਾ ਰਿਹਾ ਹੈ ਕਿ ਜਾਂਚ ਜੇ ਸ਼ਿਕਾਇਤ ਸਹੀ ਪਾਈ ਗਈ ਤਾਂ ਆਸ਼ੂ ਨੂੰ ਵਿਜੀਲੈਂਸ ਇਸ ਕੇਸ ਵਿੱਚ ਆਸ਼ੂ ਨੂੰ ਗ੍ਰਿਫ਼ਤਾਰ ਵੀ ਕਰ ਸਕਦੀ ਹੈ। ਆਸ਼ੂ ਨੇ ਅਰਜ਼ੀ ਵਿੱਚ ਆਪਣੇ ਉਪਰ ਲੱਗੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ ਹੈ। ਉਨ੍ਹਾਂ ਦੇ ਮੰਤਰੀ ਹੁੰਦਿਆਂ ਪੰਜਾਬ ਫੂਡ ਗ੍ਰੇਨਸ ਟ੍ਰਾਂਸਪੋਰਟੇਸ਼ਨ ਪਾਲਿਸੀ ਲਿਆਂਦੀ ਗਈ ਸੀ, ਜਿਸ ਨੂੰ ਕੈਬੀਨਟ ਨੇ ਮਨਜ਼ੂਰੀ ਦਿੱਤੀ ਸੀ।

## ਗੈਂਗਸਟਰ ਜਗਰੂਪ ਰੂਪਾ ਦਾ ਸਾਥੀ ਪਰਮਦਲੀਪ ਪੰਮਾ ਕਾਬੂ

ਐਸ ਏ ਐਸ, 19 ਜੁਲਾਈ (ਪੋਸਟ ਬਿਊਰੋ)- ਇੰਸਪੈਕਟਰ ਸ਼ਿਵ ਕੁਮਾਰ ਇੰਚਾਰਜ ਸੀ ਆਈ ਏ ਸਟਾਫ ਮੋਹਾਲੀ ਦੀ ਟੀਮ ਨੇ ਗੈਂਗਸਟਰ ਜਗਰੂਪ ਸਿੰਘ ਰੂਪਾ ਦਾ ਇੱਕ ਸਾਥੀ ਪਰਮਦਲੀਪ ਸਿੰਘ ਉਰਫ਼ ਪੰਮਾ ਭਾਰੀ ਮਾਤਰਾ ਵਿੱਚ ਨਾਜਾਇਜ਼ ਅਸਲੇ, ਗਹਿਣੇ ਤੇ ਦੋ ਕਾਰਾਂ ਸਮੇਤ ਕਾਬੂ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਮਿਤੀ 11 ਜੂਨ ਨੂੰ ਲਾਂਡਰਾ ਮੇਨ ਬਾਜ਼ਾਰ ਵਿੱਚ ਪ੍ਰਵੀਨ ਜਵੈਲਰਜ ਦੀ ਦੁਕਾਨ ਵਿੱਚ ਲੁੱਟ-ਖੋਹ ਦੀ ਵਾਰਦਾਤ ਹੋਈ ਸੀ।ਪੁਲਸ ਨੇ ਇਹਲੁੱਟਕਰਨ ਵਾਲੇ ਗੈਂਗਸਟਰ ਪਰਮਦਲੀਪ ਸਿੰਘ ਉਰਫ ਪੰਮਾ (31) ਪੁੱਤਰ ਅਜੀਤ ਸਿੰਘ ਪਿੰਡ ਕਾਜੀਕੋਟ ਥਾਣਾ ਸਿਟੀ ਤਰਨਤਾਰਨ ਜ਼ਿਲ੍ਹਾ ਤਰਨਤਾਰਨ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਸ ਕੋਲੋਂ ਸੋਨੇ ਦੇ ਗਹਿਣੇ 350 ਗ੍ਰਾਮ, ਚਾਂਦੀ ਦੇ ਗਹਿਣੇ ਦੋ ਕਿੱਲੋ 200 ਗ੍ਰਾਮ, ਇੱਕ 32 ਬੋਰ ਪਿਸਟਲ ਸਮੇਤ ਪੰਜ ਰੌਂਦ ਜ਼ਿੰਦਾ, ਇੱਕ ਕਾਰ ਵਰਨਾ ਰੰਗ ਚਿੱਟਾ (ਅੰਮ੍ਰਿਤਸਰ ਤੋਂ ਖੋਹੀ), ਇੱਕ ਕਾਰ ਆਈ-20 ਰੰਗ ਚਿੱਟਾ (ਵਾਰਦਾਤ ਵਿੱਚ ਵਰਤੀ) ਬਰਾਮਦ ਕੀਤੀ ਹੈ। ਪੰਮਾ ਪਹਿਲਾਂ



ਕਤਲ ਕੇਸ ਵਿੱਚ ਸਜ਼ਾ-ਯਾਫ਼ਤਾਂ ਮੁਜਰਮ ਹੈ ਅਤੇ ਸਾਲ 2015 ਵਿੱਚ ਜ਼ਮਾਨਤ ਉਪਰ ਬਾਹਰ ਆਇਆ ਸੀ, ਜਿਸ ਨੇ ਜੇਲ ਤੋਂ ਆਉਣ ਉਤੇ ਲੁੱਟਾਂ-ਖੋਹਾਂ ਅਤੇ ਸੁਪਾਰੀ ਕਿਲਿੰਗ ਦੀਆਂ ਵਾਰਦਾਤਾਂ ਸ਼ੁਰੂ ਕਰ ਦਿੱਤੀਆਂਸਨ। ਉਸ ਵਿਰੁੱਧ ਪਹਿਲਾ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੁੱਲ ਸੱਤ ਕੇਸ ਦਰਜ ਹਨ। ਥਾਣਾ ਸੋਹਾਣਾ ਪੁਲਸ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਛੇ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਚੀਫ ਸੈਕਟਰੀ ਜੰਜੂਆ ਦੀ ਨਿਯੁਕਤੀ ਤੇ ਤਰੱਕੀ ਨੂੰ ਹਾਈਕੋਰਟ ਵਿੱਚ ਚੁਣੌਤੀ



ਚੰਡੀਗੜ੍ਹ, 19 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਚੀਫਸੈਕਟਰੀ ਵੀ ਕੇ ਜੰਜੂਆ ਦੀ ਨਿਯੁਕਤੀ ਅਤੇ ਤਰੱਕੀ ਨੂੰ ਚੁਣੌਤੀ ਦੇਣ ਲਈਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਹੈ।

ਲੁਧਿਆਣਾ ਦੇ ਤੁਲਸੀ ਰਾਮ ਮਿਸ਼ਰਾ ਨੇ ਹਾਈ ਕੋਰਟ ਵਿੱਚ ਦਲੀਲ ਦਿੱਤੀ ਹੈ ਕਿ 2009 ਵਿੱਚ ਉਦਯੋਗ ਵਿਭਾਗ ਦੇ ਡਾਇਰੈਕਟਰ ਵਜੋਂ ਵੀ ਕੇ ਜੰਜੂਆਂ ਵਿਰੁੱਧ ਦੋ ਲੱਖ ਰੁਪਏ ਰਿਸ਼ਵਤ ਲੈਣ ਦਾ ਕੇਸ ਦਰਜਹੋਇਆ ਸੀ। ਪਟੀਸ਼ਨਰ ਨੇਦਲੀਲ ਦਿੱਤੀ ਕਿ ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਅਦਾਲਤ ਦੇ ਵਿਚਾਰ ਅਧੀਨ ਹੋਣ ਵੇਲੇ ਉਨ੍ਹਾਂ ਦੀ ਨਿਯੁਕਤੀ ਅਤੇ ਤਰੱਕੀ ਗ਼ੈਰ-ਕਾਨੂੰਨੀ ਤੇ ਗੈਰ-ਸੰਵਿਧਾਨਕ ਹੈ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਬੀਤੀ 5 ਜੁਲਾਈ ਨੂੰ ਸੀਨੀਅਰ ਆਈ ਏ ਐਸ ਅਫਸਰ ਵਿਜੇ ਕੁਮਾਰ ਜੰਜੂਆ ਨੂੰ ਪੰਜਾਬ ਸਰਕਾਰ ਦਾ ਚੀਫਸੈਕਟਰੀ ਅਤੇ ਪ੍ਰਸੋਨਲ ਅਤੇ ਵਿਜੀਲੈਂਸ ਵਿਭਾਗ ਦੇ ਪ੍ਰਿੰਸੀਪਲਸੈਕਟਰੀ ਨਿਯੁਕਤ ਕੀਤਾ ਸੀ। ਇਸ ਤੋਂ ਪਹਿਲਾਂ ਉਹ ਸਪੈਸ਼ਲ ਚੀਫਸੈਕਟਰੀ, ਜੇਲ੍ਹਾਂ ਅਤੇ ਇਸ ਤੋਂ ਇਲਾਵਾ ਸਪੈਸ਼ਲ ਚੀਫ ਸੈਕਟਰੀਚੋਣਾਂ ਵਜੋਂ ਤਾਇਨਾਤ ਸਨ।

ਵਿਜੇ ਕੁਮਾਰ ਜੰਜੂਆ 1989 ਬੈਚ ਦੇ ਆਈ ਏ ਐਸ ਅਫਸਰ ਹਨ। ਪੰਜਾਬ ਵਿਜੀਲੈਂਸ ਬਿਊਰੋ ਨੇ ਜੰਜੂਆ ਨੂੰ 9 ਨਵੰਬਰ 2009 ਨੂੰ ਲੁਧਿਆਣੇ ਦੇ ਇੱਕ ਉਦਯੋਗਪਤੀ ਤੋਂ ਦੋ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਹੇਠ ਇੱਕ ਕੇਸ ਦਰਜ ਕੀਤਾ ਸੀ। ਉਸ ਦੇ ਬਾਅਦ 11 ਨਵੰਬਰ 2009 ਨੂੰ ਵੀ ਕੇ ਜੰਜੂਆ ਨੂੰ ਡਾਇਰੈਕਟਰ, ਇੰਡਸਟਰੀਜ਼, ਪੰਜਾਬ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

## ਸਾਬਕਾ ਵਿਧਾਇਕ ਬੈਂਸ ਨੂੰ ਥਾਣਾ ਸਰਾਭਾ ਨਗਰ ਦੀ ਪੁਲਸ ਨੇ ਰਿਮਾਂਡ ਉੱਤੇ ਲਿਆ

* ਵੇਰਕਾ ਮਿਲਕ ਪਲਾਂਟ ਵਿੱਚ ਸਰਕਾਰੀ ਡਿਊਟੀ ਵਿੱਚ ਰੁਕਾਵਟ ਪਾਈ ਸੀ


ਲੁਧਿਆਣਾ, 19 ਜੁਲਾਈ (ਪੋਸਟ ਬਿਊਰੋ)- ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਮੁਸ਼ਕਲ ਵਧਦੀ ਜਾ ਰਹੀ ਹੈ। ਉਸ ਨੂੰ ਸਰਾਭਾ ਨਗਰ ਦੀ ਪੁਲਸ ਨੇ ਵੀ ਇੱਕ ਕੇਸ ਵਿੱਚ ਪੁਲਸ ਰਿਮਾਂਡ ਉੱਤੇ ਲੈ ਲਿਆ ਹੈ।

ਬਲਾਤਕਾਰ ਦੇ ਕੇਸ ਵਿੱਚ ਸਰੈਂਡਰ ਕਰਨ ਪਿੱਛੋਂ ਸੱਤ ਦਿਨ ਦੇ ਪੁਲਸ ਰਿਮਾਂਡ ਉੱਤੇ ਰਹਿ ਕੇ ਕੱਲ੍ਹ ਅਦਾਲਤ ਨੇ ਉਨ੍ਹਾਂ ਨੂੰ ਜਿਊਡੀਸ਼ਲ ਰਿਮਾਂਡ ਉੱਤੇ ਭੇਜਣ ਦੇ ਹੁਕਮ ਦਿੱਤੇ ਸੀ, ਪਰ ਇਸ ਦੇ ਬਾਅਦ ਥਾਣਾ ਸਰਾਭਾ ਨਗਰ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਅਦਾਲਤ ਵਿੱਚ ਪੇਸ਼ ਕੀਤਾ। ਪੁਲਸ ਉਸ ਤੋਂ ਪੁੱਛਗਿੱਛ ਕਰਨ ਵਿੱਚ ਰੁੱਝੀ ਹੋਈ ਹੈ।ਦਰਅਸਲ ਸਾਬਕਾ ਵਿਧਾਇਕ ਸਿਮਨਜੀਤ ਸਿੰਘ ਬੈਂਸ ਵੇਰਕਾ ਮਿਲਕ ਪਲਾਂਟ ਵਿੱਚ ਸਾਥੀਆਂ ਸਮੇਤ ਗਏ ਸਨ ਅਤੇ ਅੰਦਰ ਜਾ ਕੇ ਕਈ ਦਾਅਵੇ ਕੀਤੇ ਸਨ। ਇਸ ਦੌਰਾਨ ਵੇਰਕਾ ਮਿਲਕ ਪਲਾਂਟ ਦੇ ਅਧਿਕਾਰੀਆਂ ਦੀ ਸ਼ਿਕਾਇਤ



ਉੱਤੇ ਬੈਂਸ ਦੇ ਖ਼ਿਲਾਫ਼ ਸਰਕਾਰੀ ਡਿਊਟੀ ਵਿੱਚ ਰੁਕਾਵਟ ਪਾਉਣ ਸਮੇਤ ਕਈ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਸੀ ਅਤੇ ਪੁਲਸ ਸਾਬਕਾ ਵਿਧਾਇਕ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਸੀ। ਉਸ ਵਕਤ ਅਦਾਲਤ ਵਿੱਚ ਪੇਸ਼ ਨਾ ਹੋਣ ਕਾਰਨ ਸਾਬਕਾ ਉਸ ਨੂੰ ਇਸ ਕੇਸ ਵਿੱਚ ਵੀ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ।

ਸਾਬਕਾ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਬਲਾਤਕਾਰ ਕੇਸ ਸਮੇਤ ਕਈ ਕੇਸਾਂ ਵਿੱਚ ਭਗੌੜਾ ਸੀ। ਬਲਾਤਕਾਰ ਕੇਸ ਵਿੱਚ ਸਾਥੀਆਂ ਸਮੇਤ ਸਰੈਂਡਰ ਕਰਨ ਪਿੱਛੋਂ ਲਗਾਤਾਰ ਸੱਤ ਦਿਨ ਤਕ ਪੁਲਸ ਰਿਮਾਂਡ ਉੱਤੇ ਰਹੇ ਸਿਮਰਜੀਤ ਸਿੰਘਬੈਂਸ ਦਾ ਰਿਮਾਂਡ ਖਤਮ ਹੀ ਹੋਇਆ ਸੀ ਕਿ ਥਾਣਾ ਸਰਾਭਾ ਨਗਰ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਅਤੇ ਉਥੋਂ ਉਨ੍ਹਾਂ ਨੂੰ ਇੱਕ ਦਿਨ ਦੇ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ।




## ਪੰਜਾਬ ਵਿੱਚ ਪਹਿਲੀ ਵਾਰ ਅਰਜਨ ਤੋਂ ਰੇਸ਼ਮ ਪ੍ਰਾਪਤ ਹੋਣ ਲੱਗਾ

ਪਠਾਨਕੋਟ, 19 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਪਹਿਲੀ ਵਾਰ ਅਰਜਨ ਰੁੱਖ ਤੋਂ ਰੇਸ਼ਮ ਮਿਲਣ ਦੀ ਸੰਭਾਵਨਾ ਹੋ ਰਹੀ ਹੈ। ਇਹ ਜਾਣਕਾਰੀ ਦਿੰਦੇ ਹੋਏ ਮੰਡਲ ਰੇਸ਼ਮ ਅਫ਼ਸਰ ਸ਼ੰਮੀ ਕੁਮਾਰ ਅਤੇ ਸੈਰੀਕਲਚਰ ਵਿਭਾਗ ਸੁਜਾਨਪੁਰ ਦੇ ਮੈਨੇਜਰ ਅਵਤਾਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਪਹਿਲਾਂ ਕੇਵਲ ਸ਼ਹਿਤੂਤ ਦੇ ਪੱਤਿਆਂ ਤੋਂ ਰੇਸ਼ਮ ਬਣਦਾ ਸੀ, ਪਰ ਡਾਇਰੈਕਟਰ ਬਾਗਬਾਨੀ ਵਿਭਾਗ ਸ਼ੈਲੇਂਦਰ ਕੌਰ ਦੇ ਹੁਕਮ ਅਨੁਸਾਰ ਸਾਲ 2020-21 ਵਿੱਚ ਅਰਜਨ ਰੁੱਖ ਦੇ ਪੱਤਿਆਂ ਰਾਹੀਂ ਰੇਸ਼ਮ ਤਿਆਰ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜੋ ਸਫਲ ਸਿੱਧ ਹੋਈ ਹੈ।

ਇਨ੍ਹਾਂ ਦੋਵਾਂ ਅਫਸਰਾਂ ਦੇ ਦੱਸਣ ਅਨੁਸਾਰ ਡਾਇਰੈਕਟਰ ਬਾਗਬਾਨੀ ਪੰਜਾਬ ਨੇ ਅਰਜਨ ਦੇ ਦਰੱਖਤ ਤੋਂ ਰੇਸ਼ਮ ਦਾ ਉਤਪਾਦਨ ਕਰਵਾਉਣ ਦੇ ਆਦੇਸ਼ ਦਿੱਤੇ ਹਨ, ਜਿਸ ਹੇਠ ਸੈਰੀਕਲਚਰ ਵਿਭਾਗ ਦੇ 25 ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ 22 ਜੁਲਾਈ ਤੋਂ 31 ਜੁਲਾਈ ਤਕ ਟ੍ਰੇਨਿੰਗ ਲਈ ਕੇਂਦਰੀ ਰੇਸ਼ਮ ਬੋਰਡ ਦੇ ਟ੍ਰੇਨਿੰਗ ਸੈਂਟਰ ਰਾਂਚੀ ਝਾਰਖੰਡ ਭੇਜਿਆ ਜਾ ਰਿਹਾ ਹੈ। ਵਿਭਾਗ ਅਨੁਸਾਰ ਸੈਰੀਕਲਚਰ ਸਹਾਇਕ ਧੰਦੇ ਨਾਲ ਜੁੜੇ ਹੋਏ ਲੱਗਭਗ 1000-1200 ਪਰਵਾਰ ਵਿੱਚੋਂ 80 ਪ੍ਰਤੀਸ਼ਤ ਧਾਰ ਕਲਾਂ ਖੇਤਰ ਦੇ ਹਨ। ਅਜਿਹਾ ਹੋਣ ਨਾਲ ਉਨ੍ਹਾਂ ਦੀ ਆਮਦਨੀ ਵਧੇਗੀ ਅਤੇ ਪੂਰਾ ਸਾਲ ਰੋਜ਼ਗਾਰ ਦੇ ਮੌਕੇ ਮਿਲਣਗੇ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਇਲਾਵਾ ਪੂਰੇ ਪੰਜਾਬ ਵਿੱਚ ਸੈਰੀਕਲਚਰ ਧੰਦਾ ਵਧਾਇਆ ਜਾਵੇਗਾ ਤਾਂ ਜੋ ਕਿਸਾਨੀ ਦੇ ਨਾਲ-ਨਾਲ ਸੈਰੀਕਲਚਰ ਧੰਦੇ ਨੂੰ ਅਪਨਾ ਕੇ ਲੋਕ ਆਪਣੀ ਆਮਦਨੀ ਵਿੱਚ ਹੋਰ ਵਾਧਾ ਕਰ ਸਕਦੇ ਹਨ। ਮੈਨੇਜਰ ਅਵਤਾਰ ਸਿੰਘ ਨੇ ਦੱਸਿਆ ਕਿ ਅਰਜਨ ਦਰੱਖਤ



ਦੇ ਪੱਤਿਆਂ ਨਾਲ ਜੁਲਾਈ ਤੋਂ ਨਵੰਬਰ ਤਕ ਲਗਾਤਾਰ ਰੇਸ਼ਮ ਤਿਆਰ ਕੀਤਾ ਜਾਂਦਾ ਹੈ। ਇਸ ਲਈ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਜ਼ਿਲ੍ਹਾ ਪਠਾਨਕੋਟ ਦੇ ਬਾਅਦ ਪੂਰੇ ਪੰਜਾਬ ਵਿੱਚ ਰੇਸ਼ਮ ਦੀ ਪੈਦਾਵਾਰ ਨੂੰ ਹੋਰ ਉਤਸ਼ਾਹਤ ਕੀਤਾ ਜਾਵੇਗਾ।

## ਹਿੰਦੂ ਲੀਡਰਾਂ ਨੂੰ ਧਮਕੀਆਂ ਦੇਣ ਵਾਲਾ ਨਾਬਾਲਗ ਲੜਕਾ ਗ੍ਰਿਫ਼ਤਾਰ

ਪਟਿਆਲਾ, 19 ਜੁਲਾਈ (ਪੋਸਟ ਬਿਊਰੋ)- ਹਿੰਦੂ ਲੀਡਰਾਂ ਅਤੇ ਕੁਝ ਹੋਰਨਾਂ ਨੂੰ ਮਿਲਲਗਾਤਾਰ ਰਹੀਆਂ ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਫ਼ੋਨ ਰਾਹੀਂ ਭੱਦੀ ਸ਼ਬਦਾਵਲੀ ਵਰਤਣਦਾਕੇਸ ਪਟਿਆਲਾ ਪੁਲਸ ਨੇ ਹੱਲ ਕਰ ਲਿਆ ਹੈ। ਇਸ ਕੇਸ ਵਿੱਚ ਧਮਕੀਆਂ ਦੇਣ ਵਾਲਾ ਪਿੰਡ ਐਤੀਆਣਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਦਾ ਇੱਕ ਨਾਬਾਲਗ 16 ਸਾਲ ਦਾ ਲੜਕਾ ਫੜਿਆ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਐਸ ਐਸ ਪੀ ਦੀਪਕ ਪਾਰਿਕ ਨੇ ਦੱਸਿਆ ਕਿ ਪਿਛਲੇ ਸਮੇਂ ਤੋਂ ਲਗਾਤਾਰ ਕਈ ਲੋਕਾਂ ਅਤੇ ਖਾਸ ਤੌਰ ਉੱਤੇ ਹਿੰਦੂ ਲੀਡਰਾਂ ਨੂੰ ਵ੍ਹਟਸਐਪ ਰਾਹੀਂ ਜਾਨੋਂ ਮਾਰਨ ਦੀਆਂ ਧਮਕੀਆਂ ਤੇ ਗਰੁੱਪ ਕਾਲਿੰਗ ਦੇ ਜ਼ਰੀਏ ਭੱਦੀ ਸ਼ਬਦਾਵਲੀ ਬੋਲਣ ਦੀਆਂ ਸ਼ਿਕਾਇਤਾਂ ਆ ਰਹੀਆਂ ਸਨ।ਥਾਣਾ ਕੋਤਵਾਲੀ ਦੀ ਪੁਲਸ ਨੇ ਇਸ ਬਾਰੇ ਕੇਸ ਦਰਜ ਕਰ ਕੇ ਸਾਈਬਰ ਸੈਲ ਵੱਲੋਂ ਇਸ ਦੀ ਜਾਂਚ ਸ਼ੁਰੂ ਕੀਤੀ ਤਾਂ 16 ਸਾਲਾ ਲੜਕੇ ਨੂੰ ਗ੍ਰਿਫ਼ਤਾਰ ਕਰ ਕੇ ਉਸ ਨੂੰ ਜੁਵੇਨਾਈਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਐਸ ਐਸ ਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਲੜਕਾ ਮੋਬਾਈਲ ਐਪਸ ਰਾਹੀਂ ਵਿਦੇਸ਼ ਵਿੱਚ ਬੈਠੇ ਕਈ ਲੋਕਾਂ ਦੇ ਸੰਪਰਕ ਵਿੱਚ ਆਇਆ ਸੀ, ਜਿਨ੍ਹਾਂ ਨੇ ਆਪਣੇ ਵ੍ਹਟਸਐਪ ਉੱਤੇ ਵਰਤਣ ਲਈ ਵਿਦੇਸ਼ੀ ਨੰਬਰ ਅਤੇ ਓ ਟੀ ਪੀ ਨੰਬਰ ਦਿੱਤੇ ਸਨ। ਉਸ ਨੂੰ ਗੁੰਮਰਾਹ ਕਰ ਕੇ ਅਤੇ ਲਾਲਚ ਦੇ ਕੇ ਉਨ੍ਹਾਂ ਨੇ ਹੋਰ ਲੋਕਾਂ ਨੂੰ ਗਾਲੀ-ਗਲੋਚ ਅਤੇ ਧਮਕੀਆਂ ਦੇਣ ਲਈ ਉਕਸਾਇਆ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਵਿਦੇਸ਼ਾਂ ਵਿੱਚ ਬੈਠੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਜਿਹੜੇ ਬਾਕੀ ਵੱਖ-ਵੱਖ ਘਰਾਂ ਵਿੱਚ ਧਮਕੀ ਭਰੇ ਪੱਤਰ ਭੇਜੇ ਗਏ ਸਨ, ਉਸ ਕੇਸ ਵਿੱਚ ਵੀ ਪੁਲਸ ਕੋਲ ਕਈ ਅਹਿਮ ਲੀਡਜ਼ ਹਨ, ਜਿਸ ਦੇ ਆਧਾਰ ਉੱਤੇ ਉਨ੍ਹਾਂ ਨੂੰ ਜਲਦੀ ਹੀ ਟ੍ਰੇਕ ਕਰ ਲਿਆ ਜਾਵੇਗਾ। ਐਸ ਐਸ ਪੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਮੋਬਾਈਲਾਂ ਉੱਤੇ ਚੈਕ ਰੱਖਦੇ ਰਹਿਣ, ਕਿਉਂਕਿ ਕਈ ਵਾਰ ਅੱਜਕੱਲ੍ਹ ਬੱਚੇ ਗਲਤ ਹੱਥਾਂ ਵਿੱਚ ਖੇਡ ਕੇ ਸਾਈਬਰ ਕ੍ਰਾਈਮ ਵਿੱਚ ਆ ਜਾਂਦੇ ਹਨ।

## ਸੇਵਾ ਮੁਕਤ ਪਿਤਾ ਦੀ ਮੌਤ ਪਿੱਛੋਂ ਵੀ ਪੁੱਤ ਪੈਨਸ਼ਨ ਲੈਂਦਾ ਰਿਹਾ

ਸ੍ਰੀ ਮੁਕਤਸਰ ਸਾਹਿਬ, 19 ਜੁਲਾਈ (ਪੋਸਟ ਬਿਊਰੋ)- ਭਾਰਤੀ ਫ਼ੌਜ ਵਿੱਚੋਂ ਸੇਵਾ ਮੁਕਤ ਹੋਏ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਵੀ ਉਸਦੀ ਪੈਨਸ਼ਨ ਲੈਣ ਦੇ ਦੋਸ਼ ਵਿੱਚ ਥਾਣਾ ਸਿਟੀ ਮੁਕਤਸਰ ਸਾਹਿਬ ਪੁਲਸ ਨੇ ਪੁੱਤਰ ਖ਼ਿਲਾਫ਼ ਧੋਖਾਦੇਹੀ ਦਾ ਕੇਸ ਦਰਜ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਪੁਲਸ ਨੂੰ ਦਿੱਤੀ ਸੂਚਨਾ ਵਿੱਚ ਸੀਨੀਅਰ ਅਕਾਊਂਟ ਅਫਸਰ ਡੀ ਪੀ ਡੀ ਓ ਫਿਰੋਜ਼ਪੁਰ ਸੰਜੇ ਕੁਮਾਰ ਨੇ ਦੱਸਿਆ ਕਿ ਮਨਜੀਤ ਸਿੰਘ ਸਾਲ 1975 ਵਿੱਚ ਭਾਰਤੀ ਫੌਜ ਤੋਂ ਸੇਵਾ ਮੁਕਤ ਹੋਣ ਪਿੱਛੋਂ ਪੰਜਾਬ ਨੈਸ਼ਨਲ ਬੈਂਕ ਸ੍ਰੀ ਮੁਕਤਸਰ ਸਾਹਿਬਤੋਂ ਪੈਨਸ਼ਨ ਲੈਂਦਾ ਰਿਹਾ ਸੀ। ਉਸ ਦੀ 15 ਜਨਵਰੀ 2009 ਨੂੰ ਮੌਤ ਹੋਈ ਤਾਂ ਇਸ ਦੇ ਬਾਅਦ ਉਸਦਾ ਬੇਟਾ ਅਮਰਜੀਤ ਸਿੰਘ ਪਿੰਡ ਚੱਕ ਸ਼ੇਰੇਵਾਲਾ ਮਨਜੀਤ ਸਿੰਘ ਦਾ ਜਾਅਲੀ ਜੀਵਨ ਪ੍ਰਮਾਣ ਪੱਤਰ ਬਣਵਾ ਕੇ ਏਥੇ ਡੀ ਪੀ




ਡੀ ਓ ਦਫ਼ਤਰ ਵਿੱਚ ਜਮ੍ਹਾ ਕਰਵਾ ਕੇ ਧੋਖੇ ਨਾਲ ਬੈਂਕ ਵਿੱਚ ਉਸ ਦੇ ਜਾਅਲੀ ਦਸਤਖ਼ਤ ਕਰਕੇ ਵਾਊਚਰ ਭਰ ਕੇ ਹਰ ਮਹੀਨੇ ਪੈਨਸ਼ਨ ਕਢਵਾਉਂਦਾ ਰਿਹਾ।ਜਨਵਰੀ 2009 ਤੋਂ ਨਵੰਬਰ 2019 ਤਕ ਜਦੋਂ ਬੈਂਚ ਤੇ ਸਬੰਧਤ ਵਿਭਾਗ ਨੂੰ ਖਬਰ ਲੱਗੀ, ਉਦੋਂ ਤਕ ਉਹ 20 ਲੱਖ 29 ਹਜ਼ਾਰ 642 ਰੁਪਏਕੱਢਵਾ ਚੁੱਕਾ ਸੀ। ਵਿਭਾਗੀ ਸ਼ਿਕਾਇਤ ਉੱਤੇ ਜ਼ਿਲ੍ਹਾ ਪੁਲਸ ਮੁਖੀ ਤੇ ਹੋਰ ਅਧਿਕਾਰੀਆਂ ਵੱਲੋਂ ਕੀਤੀ ਜਾਂਚ ਦੇ ਬਾਅਦ ਪੁਲਸ ਨੇ ਥਾਣਾ ਸਿਟੀ ਵਿੱਚ ਅਮਰਜੀਤ ਸਿੰਘ ਪਿੰਡ ਚੱਕ ਸ਼ੇਰੇਵਾਲਾ ਖ਼ਿਲਾਫ਼ ਧੋਖਾਦੇਹੀ ਦੀਆਂ ਧਾਰਾਵਾਂ ਦਾ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ੇਲੈਂਸਕੀ ਨੇ ਉਚ ਸੁਰੱਖਿਆ ਮੁਖੀ ਤੇ ਸਰਕਾਰੀ ਵਕੀਲ ਨੂੰ ਅਹੁਦੇ ਤੋਂ ਹਟਾਇਆ

### * ਆਪਣੇ ਦੇਸ਼ ਨਾਲ ਧ੍ਰੋਹ ਦੇ ਦੋਸ਼ ਲਾਏ



ਵਿਨਿਤਸੀਆ, 19 ਜੁਲਾਈ (ਪੋਸਟ ਬਿਊਰੋ)- ਰੂਸ ਵੱਲੋਂ ਪੂਰਬੀ ਯੂਕਰੇਨ ਵਿੱਚ ਹਮਲੇ ਤੇਜ਼ ਕਰਨ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਸੁਰੱਖਿਆ ਮੁੱਖੀ ਤੇ ਸਰਕਾਰੀ ਵਕੀਲ ਨੂੰ ਬਰਖਾਸਤ ਕਰ ਦਿੱਤਾ ਹੈ।

ਇਨ੍ਹਾਂ ਦੋਵਾਂ ਨੂੰ ਬਰਖਾਸਤ ਕਰਨ ਪਿੱਛੋਂਰਾਸ਼ਟਰਪਤੀਜ਼ੇਲੈਂਸਕੀ ਨੇਉਨ੍ਹਾਂ ਉੱਤੇ ਦੇਸ਼ਧ੍ਰੋਹ ਅਤੇ ਹੋਰ ਏਜੰਸੀਆਂ ਨਾਲ ਮਿਲੀਭੁਗਤ ਦੇ ਦੋਸ਼ ਵੀ ਲਾਏ ਹਨ। ਰਾਸ਼ਟਰਪਤੀ ਨੇ ਕਿਹਾ,''ਪ੍ਰੋਸੀਕਿਊਟਰ ਦੇ ਦਫ਼ਤਰ ਅਤੇ ਐਸ ਬੀ ਯੂ (ਰਾਜ ਸੁਰੱਖਿਆ ਸੇਵਾ) ਦੇ 60 ਤੋਂ ਵੱਧ ਕਰਮਚਾਰੀ ਕਬਜ਼ੇ ਵਾਲੇ ਖੇਤਰ ਵਿੱਚ ਹਨ ਅਤੇ ਉਨ੍ਹਾਂ ਦੇਸ਼ ਖ਼ਿਲਾਫ਼ ਕੰਮ ਕੀਤਾ ਹੈ।' ਜ਼ੇਲੈਂਸਕੀ ਨੇ ਕੱਲ੍ਹ ਰਾਤ ਵੀਡੀਓ ਸੰਦੇਸ਼ ਰਾਹੀਂ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ,'ਦੇਸ਼ ਦੇ ਕੌਮੀ ਸੁਰੱਖਿਆ ਅਦਾਰਿਆਂ ਖ਼ਿਲਾਫ਼ ਅਜਿਹੇ ਅਪਰਾਧ ਅਤੇ ਯੂਕਰੇਨੀ ਸੁਰੱਖਿਆ ਬਲਾਂ ਤੇ ਰੂਸੀ ਵਿਸ਼ੇਸ਼ ਸੇਵਾ ਵਿਚਾਲੇ ਸਬੰਧ ਬੇਹੱਦ ਗੰਭੀਰ ਸਵਾਲ ਖੜ੍ਹੇ ਕਰਦੇ ਹਨ।' ਜ਼ੇਲੈਂਸਕੀ ਨੇ ਐਸ ਬੀ ਯੂ ਦੇ ਮੁਖੀ ਇਵਾਨ ਬਕਾਨੋਵ ਨੂੰ ਇਸ ਵੱਡੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਹੈ। ਬਕਾਨੋਵ, ਜ਼ੇਲੈਂਸਕੀ ਦੇ ਬਚਪਨ ਦੇ ਮਿੱਤਰ ਅਤੇ ਸਾਬਕਾ ਕਾਰੋਬਾਰੀ ਭਾਈਵਾਲ ਵੀ ਹਨ। ਰਾਸ਼ਟਰਪਤੀ ਨੇ ਇਰਾਨਾ ਵੈਨੇਦਿਕਤੋਵਾ ਨੂੰ ਵੀ ਸਰਕਾਰੀ ਵਕੀਲ ਦੇ ਅਹੁਦੇ ਤੋਂ ਹਟਾ ਕੇ ਉਸਦੀ ਥਾਂ ਉਸਦੀ ਸਹਾਇਕ ਓਲੈਕਸੀ ਸਿਮੋਨੈਂਕੋ ਨੂੰ ਇਸ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਹੈ।

# ਅਮਰੀਕੀ ਮਾਲ ਵਿੱਚ ਗੋਲੀਬਾਰੀ ਕਾਰਨ ਚਾਰ ਜਣਿਆਂ ਦੀ ਮੌਤ



ਵਾਸ਼ਿੰਗਟਨ, 19 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਜਨਤਕ ਥਾਂ ਉੱਤੇ ਮੁੜ ਗੋਲੀਬਾਰੀ ਹੋਈ ਹੈ। ਇੰਡੀਆਨਾ ਸੂਬੇ ਦੇ ਗ੍ਰੀਨਵੁੱਡ ਮਾਲ ਵਿੱਚ ਇੱਕ ਬੰਦੂਕਧਾਰੀ ਨੇ ਕੱਲ੍ਹ ਸ਼ਾਮ ਨੂੰ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਤੇ ਦੋ ਜ਼ਖ਼ਮੀ ਹੋ ਗਏ। ਇੱਕ ਆਰਮਡ ਨਾਗਰਿਕ ਨੇ ਹਮਲਾਵਰ ਵੀ ਮਾਰ ਸੁੱਟਿਆ।

ਗ੍ਰੀਨਵੁੱਡ ਪੁਲਸ ਵਿਭਾਗ ਦੇ ਮੁਖੀ ਨੇ ਕਿਹਾ ਕਿ ਮਾਲ ਵਿੱਚ ਇੱਕ ਵਿਅਕਤੀ ਨੇ ਰਾਈਫਲ ਲੈ ਕੇ ਫਾਇਰਿੰਗ ਕਰ ਦਿੱਤੀ। ਘਟਨਾ ਵਿੱਚ ਹਮਲਾਵਰ ਸਣੇ ਚਾਰ ਲੋਕਾਂ ਦੀ ਮੌਤ ਹੋਈ ਹੈ। ਪੁਲਸ ਮੁਖੀ ਨੇ ਕਿਹਾ ਕਿ ਇਸ ਘਟਨਾ ਦਾ ਅਸਲੀ ਨਾਇਕ ਆਰਮਡ ਨਾਗਰਿਕ ਹੈ, ਜਿਸ ਨੇ ਹਮਲਾਵਰ ਉਤੇ ਗੋਲੀਆਂ ਚਲਾ ਕੇ ਉਸ ਨੂੰ ਹੋਰ ਖ਼ੂਨ-ਖਰਾਬਾ ਕਰਨ ਤੋਂ ਰੋਕ ਦਿੱਤਾ। ਇਸ 22 ਸਾਲਾ ਨਾਗਰਿਕ ਨੇ ਜਾਇਜ਼ ਤਰੀਕੇ ਨਾਲ ਹੈਂਡਗੰਨ ਲਈ ਹੋਈ ਸੀ। ਪੁਲਸ ਨੂੰ ਜਾਂਚ ਵਿੱਚ ਫੂਡ ਕੋਰਟ ਦੇ ਨਜ਼ਦੀਕ ਬਾਥਰੂਮ ਤੋਂ ਇੱਕ ਸ਼ੱਕੀ ਬੈਗ ਮਿਲਿਆ ਹੈ। ਮੈਟਰੋਪਾਲਿਟਨ ਪੁਲਸ ਅਤੇ ਹੋਰ ਏਜੰਸੀਆਂ ਘਟਨਾ ਦੀ ਜਾਂਚ ਕਰ ਰਹੀਆਂ ਹਨ। ਇੰਡੀਆਨਾ ਦੇ ਸਹਾਇਕ ਪੁਲਸ ਮੁਖੀ ਨੇ ਕਿਹਾ ਕਿ ਅਸੀਂ ਲੋਕ ਦੇਸ਼ ਵਿੱਚ ਇਸ ਤਰ੍ਹਾਂ ਦੀ ਗੋਲੀਬਾਰੀ ਦੀ ਘਟਨਾ ਤੋਂ ਦੁਖੀ ਹਾਂ। ਟੈਕਸਾਸ ਦੇ ਉਵਾਲਡੇ ਸਕੂਲ ਫਾਇਰਿੰਗ ਵਿੱਚ 21 ਲੋਕਾਂ ਦੀ ਮੌਤ ਦੀ ਜਾਂਚ ਕਰਦੀ ਟੈਕਸਾਸ ਪਾਰਲੀਮੈਂਟਰੀ ਮੈਂਬਰਾਂ ਦੀ ਕਮੇਟੀ ਨੇ ਕੱਲ੍ਹ ਇੱਕ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਵਿੱਚ ਉਵਾਲਡੇ ਦੀ ਘਟਨਾ ਲਈ ਸਿਸਟਮ 'ਚ ਨਾਕਾਮੀਆਂ ਅਤੇ ਕਮਜ਼ੋਰ ਲੀਡਰਸ਼ਿਪ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

# ਮਾਨ ਨੇ ਸੰਵਿਧਾਨ ਵਿੱਚ ਵਿਸ਼ਵਾਸ ਪ੍ਰਗਟ ਕਰ ਕੇ ਪਾਰਲੀਮੈਂਟ ਮੈਂਬਰ ਵਜੋਂ ਸਹੁੰ ਚੁੱਕੀ

### * ਬਾਹਰ ਆ ਕੇ ਕਿਹਾ: ਸਿੱਖ ਆਪਣਾ ਵੱਖਰਾ ਦੇਸ਼ ਚਾਹੁੰਦੇ ਹਨ



ਨਵੀਂ ਦਿੱਲੀ, 19 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਪੰਜਾਬ ਦੇ ਸੰਗਰੂਰ ਤੋਂ ਨਵੇਂ ਚੁਣੇ ਪਾਰਲੀਮੈਂਟ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਆਜ਼ਾਦੀ ਘੁਲਾਟੀਏ ਭਗਤ ਸਿੰਘ ਨੂੰ 'ਅਤਿਵਾਦੀ' ਕਹਿਣ ਵਾਲੀ ਆਪਣੀ ਟਿੱਪਣੀ ਦਾ ਬਚਾਅ ਕਰਦਿਆਂ ਕੱਲ੍ਹ ਕਿਹਾ ਕਿ ਸਿੱਖਾਂ ਦਾ ਵੱਖਰਾ ਦੇਸ਼ ਚਾਹੀਦਾ ਹੈ।

ਪਿਛਲੇ ਮਹੀਨੇ ਹੋਈਆਂ ਜ਼ਿਮਨੀ ਚੋਣਾਂ ਵਿੱਚ ਸੰਗਰੂਰ ਸੀਟ ਤੋਂ ਜਿੱਤਣ ਤੋਂ ਬਾਅਦ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਦੇ ਚੈਂਬਰ ਵਿੱਚਕੱਲ੍ਹ ਸੰਵਿਧਾਨ ਦੇ ਨਾਂ ਉੱਤੇ ਸਹੁੰ ਚੁੱਕੀ ਅਤੇ ਭਾਰਤ ਦੇਸ਼ ਦੀ ਸ਼ਾਨ ਪ੍ਰਤੀ ਅਪਣੀ ਵਚਨਬੱਧਤਾ ਦਾ ਵਾਅਦਾ ਕੀਤਾ। ਪੰਜਾਬ ਦੇ ਕਈ ਕਾਂਗਰਸੀ ਮੈਂਬਰਾਂ ਨੇ ਬਿਰਲਾ ਦੇ ਚੈਂਬਰ ਵਿੱਚ ਮਾਨ ਦੇ ਸਹੁੰ ਚੁੱਕਣ ਦਾ ਵਿਰੋਧ ਕੀਤਾ। ਲੋਕ ਸਭਾ ਦੇ ਤਿੰਨ ਹੋਰ ਮੈਂਬਰਾਂ ਨੇ ਵੀ ਬਿਰਲਾ ਦੇ ਚੈਂਬਰ ਵਿੱਚ ਸਹੁੰ ਚੁੱਕੀ। ਇਸ ਮੌਕੇ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਲੋਕ ਸਭਾ ਸਪੀਕਰ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਪਾਰਲੀਮੈਂਟਦੀ ਵਿਦੇਸ਼ ਮਾਮਲਿਆਂ ਦੀ ਸਥਾਈ ਕਮੇਟੀ ਦਾ ਮੈਂਬਰ ਬਣਾਇਆ ਜਾਵੇ। ਪਾਰਲੀਮੈਂਟ ਤੋਂ ਬਾਹਰ ਆਉਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਾਨ ਨੇ ਭਗਤ ਸਿੰਘ ਬਾਰੇ ਆਪਣੀ ਵਿਵਾਦਿਤ ਟਿੱਪਣੀ ਦਾ ਬਚਾਅ ਕੀਤਾ। ਪੁੱਛੇ ਜਾਣ ਉੱਤੇ ਮਾਨ ਨੇ ਕਿਹਾ,''ਭਗਤ ਸਿੰਘ ਨੇ ਇੱਕ ਨੌਜਵਾਨ ਬ੍ਰਿਟਿਸ਼ ਨੇਵੀ ਅਫ਼ਸਰ ਨੂੰ ਮਾਰਿਆ ਸੀ। ਉਸ ਨੇ ਇੱਕ ਅੰਮ੍ਰਿਤਧਾਰੀ ਸਿੱਖ ਕਾਂਸਟੇਬਲ ਦਾ ਕਤਲ ਕੀਤਾ ਸੀ। ਤੁਸੀਂ ਉਸ ਸ਼ਖ਼ਸ ਨੂੰ ਕੀ ਕਹੋਗੇ ਜਿਸ ਨੇ ਪਾਰਲੀਮੈਂਟ ਵਿੱਚ ਬੰਬ ਸੁੱਟਿਆ? ਮੈਨੂੰ ਦੱਸੋ, ਉਸ ਨੂੰ ਕੀ ਕਹੋਗੇ?'' ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਹ ਖ਼ਾਲਿਸਤਾਨ ਮੁੱਦੇ ਉੱਤੇ ਆਪਣਾ ਸਮਰਥਨ ਜਾਰੀ ਰੱਖਣਗੇ। ਉਨ੍ਹਾਂ ਕਿਹਾ,''ਸਿੱਖਾਂ ਲਈ ਵੱਖਰਾ ਦੇਸ਼ ਚਾਹੀਦਾ ਹੈ। ਖ਼ਾਲਿਸਤਾਨ ਐਟਮੀ ਹਥਿਆਰਬੰਦ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਬਫਰ ਸਟੇਟ ਵਜੋਂ ਕੰਮ ਕਰੇਗਾ।'' ਇਹ ਪੁੱਛਣ ਉੱਤੇ ਕਿ ਉਹ ਸਿੱਖਾਂ ਲਈ ਵੱਖਰੇ ਦੇਸ਼ ਦੀ ਗੱਲ ਕਿਉਂ ਕਰਦੇ ਹਨ, ਜਦਕਿ ਉਹ ਭਾਰਤ ਦੀ ਅਖੰਡਤਾ ਦੀ ਰਾਖੀ ਦੀ ਸਹੁੰ ਚੁੱਕ ਰਹੇ ਹਨ, ਉਨ੍ਹਾਂ ਕਿਹਾ,''ਤੁਸੀਂ ਇਸ ਬਾਰੇ ਮੈਨੂੰ ਘੇਰਨ ਦੀ ਕੋਸ਼ਿਸ਼ ਕਰ ਰਹੇ ਹੋ, ਪਰ ਲੱਦਾਖ ਖੇਤਰ ਵਿੱਚ ਜੋ ਹੋ ਰਿਹਾ ਹੈ, ਉਸ ਬਾਰੇ ਤੁਸੀਂ ਕੀ ਕਹੋਗੇ? ਚੀਨ ਉਥੇ ਕੀ ਕਰ ਰਿਹਾ ਹੈ?'' ਮਾਨ ਨੇ ਸੰਗਰੂਰ ਤੋਂ ਜਿੱਤ ਜਿੱਤ ਹੈ, ਜਿਹੜਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਜ਼ਿਲ੍ਹਾ ਹੈ।

# ਨਰਿੰਦਰ ਮੋਦੀ ਸਰਕਾਰ ਨੇ ਐਮ ਐਸ ਪੀ ਸਿਸਟਮ ਨੂੰ ਮਜ਼ਬੂਤ ਕਰਨ ਬਹਾਨੇ ਕਮੇਟੀ ਬਣਾਈ



ਨਵੀਂ ਦਿੱਲੀ, 19 ਜੁਲਾਈ (ਪੋਸਟ ਬਿਊਰੋ)- ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਵੇਲੇ ਕੀਤੇ ਹੋਏ ਵਾਅਦੇ ਤੋਂ ਅੱਠ ਮਹੀਨਿਆਂ ਬਾਅਦ ਭਾਰਤ ਦੀ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਫਸਲ ਦੇ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਉੱਤੇਵਿਚਾਰ ਕਰਨ ਲਈ ਇੱਕ ਕਮੇਟੀ ਬਣਾਈ ਹੈ। ਸਾਬਕਾ ਖੇਤੀਬਾੜੀ ਸੈਕਟਰੀ ਸੰਜੇ ਅਗਰਵਾਲ ਨੂੰ ਇਸ ਕਮੇਟੀ ਦੇ ਚੇਅਰਮੈਨ ਬਣਾਇਆ ਗਿਆ ਹੈ। ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ (ਐਸ ਕੇ ਐਮ) ਦੇ ਤਿੰਨ ਮੈਂਬਰਾਂ ਨੂੰ ਕਮੇਟੀ ਦੇ ਮੈਂਬਰ ਵਜੋਂ ਸ਼ਾਮਲ ਕਰਨ ਦੀ ਵਿਵਸਥਾ ਕੀਤੀ ਹੈ, ਪਰ ਕਿਸਾਨ ਜਥੇਬੰਦੀਆਂ ਨੇ ਅਜੇ ਤਕ ਇਸ ਕਮੇਟੀ ਦੀ ਮੈਂਬਰੀ ਦੇ ਲਈ ਕੋਈ ਨਾਂਅ ਨਹੀਂ ਦਿੱਤਾ, ਜਿਸ ਕਾਰਨ ਇਹ ਕਮੇਟੀ ਇੱਕ ਤਰਫਾ ਬਣਾਈ ਗਈ ਹੈ।

ਵਰਨਣ ਯੋਗ ਹੈ ਕਿ ਬੀਤੇ ਸਾਲ ਨਵੰਬਰ ਵਿੱਚ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਮ ਐਸ ਪੀਬਾਰੇ ਕਾਨੂੰਨੀ ਗਾਰੰਟੀ ਦੀ ਕਿਸਾਨਾਂ ਦੀ ਮੰਗ ਉੱਤੇ ਚਰਚਾ ਕਰਨ ਲਈ ਇੱਕ ਕਮੇਟੀ ਬਣਾਉਣ ਦਾ ਵਾਅਦਾ ਕੀਤਾ ਸੀ। ਭਾਰਤ ਦੇ ਖੇਤੀ ਮੰਤਰਾਲੇ ਨੇ ਇਸ ਸਬੰਧ ਵਿੱਚ ਇੱਕ ਕਮੇਟੀ ਬਣਾਏ ਜਾਣ ਦਾ ਐਲਾਨ ਕਰਦਾ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਕਮੇਟੀ ਵਿੱਚ ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ, ਭਾਰਤੀ ਆਰਥਿਕ ਵਿਕਾਸ ਸੰਸਥਾਦੇ ਵੱਲੋਂ ਖੇਤੀ ਅਰਥ ਸ਼ਾਸਤਰੀ ਸੀ ਐਸ ਸੀ ਸ਼ੇਖਰ, ਆਈ ਆਈ ਐਮ ਅਹਿ-ਮਦਾਬਾਦ ਤੋਂ ਸੁਖਪਾਲ ਸਿੰਘ ਅਤੇ ਖੇਤੀ ਲਾਗਤਾਂ ਤੇ ਕੀਮਤਾਂ ਲਈ ਕਮਿਸ਼ਨ (ਸੀ ਏ ਸੀ ਪੀ) ਤੋਂ ਸੀਨੀਅਰ ਮੈਂਬਰ ਨਵੀਨ ਪੀ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਕਿਸਾਨ ਨੁਮਾਇੰਦਿਆਂ ਵਿੱਚੋਂ ਇਸ ਕਮੇਟੀ ਵਿੱਚ ਕੌਮੀ ਪੁਰਸਕਾਰ ਵਿਜੇਤਾ ਕਿਸਾਨ ਭਾਰਤ ਭੂਸ਼ਨ ਤਿਆਗੀ, ਸੰਯੁਕਤ ਕਿਸਾਨ ਮੋਰਚਾ ਤੋਂ ਤਿੰਨ ਮੈਂਬਰ ਅਤੇ ਹੋਰਨਾਂ ਕਿਸਾਨ ਜਥੇਬੰਦੀਆਂ ਤੋਂ ਪੰਜ ਮੈਂਬਰ, ਜਿਨ੍ਹਾਂ ਵਿੱਚ ਗੁਣਵੰਤ ਪਾਟਿਲ, ਕ੍ਰਿਸ਼ਨਵੀਰ ਚੌਧਰੀ, ਪ੍ਰਮੋਦ ਕੁਮਾਰ ਚੌਧਰੀ, ਗੁਣੀ ਪ੍ਰਕਾਸ਼ ਅਤੇ ਸਈਦ ਪਾਸ਼ਾ ਪਟੇਲ ਨੂੰ ਸ਼ਾਮਲ ਕੀਤਾ ਗਿਆ ਹੈ। ਕਿਸਾਨ ਕੋਆਪਰੇਟਿਵਗਰੁੱਪ ਦੇ ਦੋ ਮੈਂਬਰਾਂ ਵਿੱਚੋਂ ਇਫਕੋ ਦੇ ਚੇਅਰਮੈਨ ਦਲੀਪ ਸੰਘਾਨੀ ਨੂੰਅਤੇ ਸੀ ਐਨ ਆਰ ਆਈ ਦੇ ਜਨਰਲ ਸੈਕਟਰੀ ਬਿਨੋਦ ਆਨੰਦ ਵੀ ਕਮੇਟੀ ਵਿੱਚ ਪਾਇਆ ਗਿਆ ਹੈ।

ਇਹੀ ਨਹੀਂ, ਖੇਤੀਬਾੜੀ ਯੂਨੀਵਰਸਿਟੀਆਂ ਦੇ ਸੀਨੀਅਰ ਮੈਂਬਰ, ਭਾਰਤ ਦੀ ਕੇਂਦਰ ਸਰਕਾਰ ਦੇ ਪੰਜ ਸੈਕਟਰੀਅਤੇ ਕਰਨਾਟਕ, ਆਂਧਰਾ ਪ੍ਰਦੇਸ਼, ਸਿੱਕਮ ਅਤੇ ਓਡੀਸ਼ਾ ਦੇ ਚੀਫਸੈਕਟਰੀਆਂ ਨੂੰ ਵੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਕਮੇਟੀ ਇਸ ਸਿਸਟਮ ਨੂੰ ਹੋਰ ਪ੍ਰਭਾਵਸ਼ਾਲੀ ਤੇ ਪਾਰਦਰਸ਼ੀ ਬਣਾ ਕੇ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ ਦਿਵਾਉਣ ਦੇ ਤਰੀਕਿਆਂ ਉੱਤੇ ਵਿਚਾਰ ਕਰੇਗੀ। ਇਹ ਕਮੇਟੀ ਖੇਤੀ ਲਾਗਤਾਂ ਤੇ ਕੀਮਤਾਂ ਲਈ ਕਮਿਸ਼ਨ ਨੂੰ ਵਧੇਰੇ ਖ਼ੁਦਮੁਖਤਿਆਰੀ ਦੇ ਸੁਝਾਅ ਦੇਵੇਗੀ। ਇਸ ਤੋਂ ਇਲਾਵਾ ਇਹ ਕਮੇਟੀ ਦੇਸ਼ ਦੀਆਂ ਬਦਲਦੀਆਂ ਲੋੜਾਂ ਅਨੁਸਾਰ ਖੇਤੀ ਮੰਡੀਕਰਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਉੱਤੇ ਵਿਚਾਰ ਕਰੇਗੀ ਤਾਂ ਜੋ ਘਰੇਲੂ ਤੇ ਇੰਪੋਰਟ ਦਾ ਲਾਭ ਉਠਾ ਕੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀਆਂ ਲਾਹੇਵੰਦ ਕੀਮਤਾਂ ਰਾਹੀਂ ਉਚ ਮੁੱਲ ਯਕੀਨੀ ਬਣਾਇਆ ਜਾ ਸਕੇ।

### ਨੀਟ ਵਿੱਚ ਫਰਜੀਵਾੜਾ:

# ਸੀ ਬੀ ਆਈ ਵੱਲੋਂ ਮਾਸਟਰਮਾਈਂਡ ਸਮੇਤ ਅੱਠ ਦੋਸ਼ੀ ਗ੍ਰਿਫ਼ਤਾਰ



ਨਵੀਂ ਦਿੱਲੀ, 19 ਜੁਲਾਈ (ਪੋਸਟ ਬਿਊਰੋ)- ਸੀ ਬੀ ਆਈ ਨੇ ਮੈਡੀਕਲ ਕਲਾਸਾਂ ਵਿੱਚ ਦਾਖਲੇ ਲਈ ਕੱਲ੍ਹ ਕਰਵਾਈ ਗਈ ਨੀਟ ਦੀ ਪ੍ਰੀਖਿਆ ਵਿੱਚ ਫਰਾਣ ਕਰਨ ਵਾਲੇ ਪੇਪਰ ਸਾਲਵਰ ਗੈਂਗ ਦੇ ਅੱਠ ਮੈਂਬਰਾਂ ਨੂੰ ਫੜਿਆ ਹੈ। ਇਨ੍ਹਾਂ ਵਿੱਚ ਦਿੱਲੀ ਦੇ ਗੌਤਮ ਨਗਰ ਦਾ ਵਾਸੀ ਮਾਸਟਰਮਾਈਂਡ ਸੁਸ਼ੀਲ ਰੰਜਨ ਵੀ ਹੈ। ਇਸ ਗੈਂਗ ਨੇ ਅਸਲੀ ਉਮੀਦਵਾਰਾਂ ਦੀ ਜਗ੍ਹਾ ਦੂਸਰੇ ਲੋਕਾਂ ਨੂੰ ਪ੍ਰੀਖਿਆ ਵਿੱਚ ਬਿਠਾ ਕੇ ਪੇਪਰ ਹੱਲ ਕਰਾਇਆ ਸੀ।

ਮੁੱਢਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਏਜੰਸੀ ਨੂੰ ਸੂਚਨਾ ਮਿਲੀ ਸੀ ਕਿ ਕਈ ਲੋਕਾਂ ਨੇ ਨੈਸ਼ਨਲ ਟੈਸਟਿੰਗ ਏਜੰਸੀ (ਐਨ ਟੀ ਏ) ਵੱਲੋਂ ਕੱਲ੍ਹ ਦਿੱਲੀ ਤੇ ਹਰਿਆਣਾ ਦੇ ਕਈ ਕੇਂਦਰਾਂ ਉੱਤੇਹੋਈਨੀਟ ਵਿੱਚ ਅਸਲੀ ਉਮੀਦਵਾਰਾਂ ਦੀ ਜਗ੍ਹਦੂਸਰੇ ਲੋਕ ਬੈਠਾਏ ਅਤੇ ਪੇਪਰ ਹੱਲ ਕਰਾਇਆ। ਪੇਪਰ ਸਾਲਵਰ ਗੈਂਗ ਨੇ ਪ੍ਰੀਖਿਆ ਪਾਸ ਕਰਾਉਣ ਦੇ ਨਾਮ ਉੱਤੇ ਅਜਿਹੇ ਲੋਕਾਂ ਤੋਂ ਮੋਟੀ ਰਕਮ ਵਸੂਲੀ ਹੈ। ਸੀ ਬੀ ਆਈ ਨੇ ਦੋਸ਼ ਲਾਇਆ ਕਿ ਦੋਸ਼ੀਆਂ ਨੇ ਉਮੀਦਵਾਰਾਂ ਦੇ ਯੂਜ਼ਰ ਆਈ ਡੀ ਅਤੇ ਪਾਸਵਰਡ ਇਕੱਠੇ ਕੀਤੇ। ਪ੍ਰੀਖਿਆ ਵਿੱਚ ਫਰਜ਼ੀ ਲੋਕ ਸ਼ਾਮਲ ਕਰਾਉਣ ਦੇ ਲਈ ਅਸਲੀ ਉਮੀਦਵਾਰਾਂ ਦੀਆਂਫੋਟਾ ਵਿੱਚ ਫਰਜ਼ੀਵਾੜਾ ਕਰ ਕੇ ਬਦਲਾ ਕੀਤਾ ਗਿਆ। ਏਜੰਸੀ ਨੇ ਇਸ ਸਬੰਧ ਵਿੱਚ ਸੁਸ਼ੀਲ ਰੰਜਨ, ਬ੍ਰਿਜਮੋਹਨ ਸਿੰਘ, ਪੱਪੂ, ਉਮਾ ਸ਼ੰਕਰ ਗੁਪਤਾ, ਨਿਧੀ, ਕ੍ਰਿਸ਼ਨ ਸ਼ੰਕਰ ਯੋਗੀ, ਸਨੀ ਰੰਜਨ, ਰਘੁਨੰਦਰ, ਜੀਪੂ ਲਾਲ, ਹੇਮੇਂਦਰ ਅਤੇ ਭਰਤ ਸਿੰਘ ਦੇ ਖ਼ਿਲਾਫ਼ ਐਫ ਆਈ ਆਰ ਦਰਜ ਕੀਤੀ ਹੈ। ਮਾਸਟਰਮਾਈਂਡ ਅਤੇ ਸਾਲਵਰ ਗੈਂਗ ਦੇ ਹੋਰ ਮੈਂਬਰਾਂ ਵਿਚੋਂ ਦਿੱਲੀ ਅਤੇ ਹਰਿਆਣੇ ਦੇ ਵੱਖ-ਵੱਖ ਕੇਂਦਰਾਂ ਤੋਂ ਦੋ ਪੇਪਰ ਸਾਲਵਰ ਫੜੇ ਗਏ।

## ਸਿਰਸੇ ਵਾਲਾ ਰਾਮ ਰਹੀਮ ਪੈਰੋਲ ਦੇ ਬਾਅਦ ਫਿਰ ਸੀਖਾਂ ਪਿੱਛੇ ਗਿਆ



ਸਿਰਸਾ, 19 ਜੁਲਾਈ (ਪੋਸਟ ਬਿਊਰੋ)-ਆਪਣੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਤੇ ਆਪਣੇ ਡੇਰੇ ਦੇ ਇੱਕ ਸਾਬਕਾ ਮੈਨੇਜਰਤੇ ਪੱਤਰਕਾਰ ਛਤਰਪਤੀ ਕਤਲ ਕੇਸਦੀ ਸਜ਼ਾ ਕੱਟ ਰਿਹਾ ਡੇਰਾ ਸੱਚਾ ਸੌਦਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ 30 ਦਿਨ ਦੀ ਪੈਰੋਲ ਖਤਮ ਹੋਣ ਪਿੱਛੋਂ ਕੱਲ੍ਹ ਸ਼ਾਮ ਸੁਨਾਰੀਆ ਜੇਲ੍ਹ ਵਿੱਚ ਪੁੱਜ ਗਿਆ ਹੈ।

ਛੇ ਗੱਡੀਆਂ ਦੇ ਕਾਫਲੇ ਨਾਲ ਸਖਤ ਪੁਲਸ ਸੁਰੱਖਿਆ ਵਿੱਚ ਰਾਮ ਰਹੀਮ ਸਿੰਘ ਨੂੰ ਜੇਲ੍ਹ ਵਿੱਚ ਲਿਆਂਦਾ ਗਿਆ ਤੇਉਸ ਦੀ ਮੂੰਹ ਬੋਲੀ ਬੇਟੀ ਹਨੀਪ੍ਰੀਤ ਸਮੇਤ ਚਾਰ ਜਣੇ ਡੇਰਾਮੁੱਖੀ ਨਾਲ ਦੋ ਗੱਡੀਆਂ ਵਿੱਚ ਸੁਨਾਰੀਆ ਜੇਲ੍ਹ ਤਕ ਪਹੁੰ-ਚੇ।ਜੇਲ੍ਹ ਪ੍ਰਸ਼ਾਸਨ ਨੇ ਜੇਲ੍ਹ ਐਕਟ ਦੀਆਂ ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕਰਵਾਉਣ ਪਿੱਛੋਂ ਸਪੈਸ਼ਲ ਸੈਲ ਵਿੱਚ ਭੇਜ ਦਿੱਤਾ ਹੈ। ਡੇਰਾਮੁਖੀ ਨੂੰ ਬੀਤੀ 17 ਜੂਨ ਨੂੰ 30 ਦਿਨ ਦੀ ਪੈਰੋਲ ਮਿਲੀ ਸੀ। ਸੁਨਾਰੀਆ ਜੇਲ੍ਹ ਕੰਪਲੈਕਸ ਤਕ ਡੇਰੇ ਦੀ ਗੱਡੀ ਵਿੱਚ ਗੁਰਮੀਤ ਰਾਮ ਰਹੀਮ ਨੂੰ ਲਿਆਂਦਾ ਗਿਆ। ਇਸ ਪਿੱਛੋਂਉਹ ਪੈਦਲ ਹੀ ਸੁਨਾਰੀਆ ਜੇਲ੍ਹ ਦੇ ਮੁੱਖ ਗੇਟ ਤਕ ਪੁੱਜਾ। ਦੱਸਿਆ ਜਾਂਦਾ ਹੈ ਕਿ ਉਹ ਜੇਲ੍ਹ ਦੇ ਅੰਦਰ ਜਾਂਦੇ ਸਮੇਂ ਕਾਫ਼ੀ ਉਦਾਸ ਨਜ਼ਰ ਆ ਰਿਹਾ ਸੀ।

# ਇਮਰਾਨ ਦਾ ਵਿਦੇਸੀ ਸਾਜ਼ਿਸ਼ ਦਾ ਬਿਆਨ ਅਮਰੀਕਾ ਨੇ ਝੂਠਾ ਆਖਿਆ



ਨਿਊਜਰਸੀ, 19 ਜੁਲਾਈ (ਪੋਸਟ ਬਿਊਰੋ)- ਇੱਕ ਚੋਟੀ ਦੇ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਲਾਏ ਵਿਦੇਸ਼ੀ ਸਾਜ਼ਿਸ਼ ਦੇ ਦੋਸ਼ ਪ੍ਰੇਸ਼ਾਨ ਕਰਨ ਵਾਲੇ ਸਨ। ਇਨ੍ਹਾਂ ਦੋਸ਼ਾਂ ਨੂੰ ਅਮਰੀਕੀ ਅਧਿਕਾਰੀ ਨੇ ਝੂਠਾ ਕਰਾਰ ਦਿੱਤਾ ਅਤੇ ਮੂਲੋਂ ਹੀ ਇਹ ਗੱਲ ਰੱਦ ਕੀਤੀ ਹੈ।

ਪਾਕਿਸਤਾਨ ਦੇ ਅਖ਼ਬਾਰ ਡਾਨ ਨੇ ਦੱਸਿਆ ਕਿ ਇਹ ਗੱਲ ਪਾਕਿਸਤਾਨ ਡੈਸਕ ਦੇ ਡਾਇਰੈਕਟਰ ਨੀਲ ਡਬਲਯੂ ਹੋਪ ਨੇ ਉਦੋਂ ਕਹੀ ਜਦੋਂ ਉਹ ਨਿਊਜਰਸੀ ਦੇ ਐਟਲਾਂਟਿਕ ਸਿਟੀ ਵਿੱਚ ਪਾਕਿਸਤਾਨੀ ਡਾਕਟਰਾਂ ਦੇ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ।ਇਸ ਮੌਕੇ ਅਮਰੀਕਾ ਵਿੱਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਜਲੀਲ ਅੱਬਾਸ ਜਿਲਾਨੀ ਨੇ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਦੇ ਔਖੇ ਦੌਰ ਦੀ ਗੱਲ ਕੀਤੀ। ਉਨ੍ਹਾਂ ਸੁਝਾਅ ਦਿੱਤਾ ਕਿ ਭਾਈਵਾਲੀ ਨੂੰ ਲੀਹ ਉੱਤੇ ਰੱਖਣ ਲਈ ਉਚ ਪੱਧਰੀ ਗੱਲਬਾਤ ਦੀ ਲੋੜ ਹੈ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਇਮਰਾਨ ਖਾਨ ਵੱਲੋਂ ਲਾਏ ਦੋਸ਼ਾਂ ਵਿੱਚ ਕੋਈ ਸਚਾਈ ਨਹੀਂ, ਅਸੀਂ ਪਾਕਿਸਤਾਨ ਵਿੱਚ ਲੋਕਤੰਤਰੀ ਸਰਕਾਰ ਦਾ ਸਮਰਥਨ ਕਰਦੇ ਹਾਂ। ਸਾਡਾ ਇਸ ਦੀ ਰਾਜਨੀਤੀ ਨਾਲ ਲੈਣਾ-ਦੇਣਾ ਨਹੀਂ। ਵਰਨਣ ਯੋਗ ਹੈ ਕਿ ਇਮਰਾਨ ਖ਼ਾਨ ਨੇ ਖ਼ੁਦ ਨੂੰ ਪਾਕਿਸਤਾਨ ਦੀ ਸੱਤਾ ਤੋਂ ਹਟਾਉਣ ਪਿੱਛੇ ਅਮਰੀਕੀ ਸਾਜ਼ਿਸ਼ ਦਾ ਦੋਸ਼ ਲਾਇਆ ਸੀ।ਇਸ ਤੋਂ ਪਹਿਲਾਂ ਇਮਰਾਨ ਖਾਨ ਦੀ ਵਿਰੋਧੀ ਪਾਰਟੀ ਪੀ ਐਮ ਐਲ-ਐਨ ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਕਿਹਾ ਸੀ ਕਿ ਇਮਰਾਨ ਨੇ ਵਿਦੇਸ਼ੀ ਸਾਜ਼ਿਸ਼ ਬਹਾਨੇ ਪਾਕਿਸਤਾਨ ਦੇ ਇਤਿਹਾਸ ਦਾ ਸਭ ਤੋਂ ਵੱਡਾ ਡਰਾਮਾ ਕੀਤਾ ਹੈ। ਬਦਕਿਸਮਤੀ ਨਾਲ ਪਾਕਿਸਤਾਨ ਦੀ ਰਾਜਨੀਤੀ ਨੂੰ ਅਜਿਹਾ ਵਿਅਕਤੀ ਮਿਲ ਗਿਆ ਹੈ ਜੋ ਸਭ ਤੋਂ ਵੱਡਾ ਝੂਠਾ ਹੈ। ਉਹ ਜਨਤਾ ਨੂੰ ਦੱਸਦਾ ਹੈ ਕਿ ਅਸੀਂ ਅਮਰੀਕਾ ਦੇ ਗ਼ੁਲਾਮ ਹਾਂ। ਉਹ ਲੋਕਾਂ ਨੂੰ ਆਪਣੀਆਂ ਸਾਜ਼ਿਸ਼ਾਂ ਦੇ ਦਾਅਵਿਆਂ ਵਿੱਚ ਉਲਝਾ ਕੇ ਰੱਖਦਾ ਅਤੇ ਉਸ ਦਾ ਗਰੋਹ ਪੰਜਾਬ ਸੂਬੇ ਦੇ ਵਸੀਲਿਆਂ ਨਾਲ ਖਿਲਵਾੜ ਕਰਨ ਵਿੱਚ ਸ਼ਾਮਲ ਹੈ। ਇਸ ਵਿੱਚ ਇਮਰਾਨ ਖ਼ਾਨ ਦੀ ਪਤਨੀ ਬੁਸ਼ਰਾ ਬੀਬੀ ਵੀ ਹੈ।

# ਮੱਧ ਪ੍ਰਦੇਸ਼ ਤੋਂ ਮਹਾਰਾਸ਼ਟਰ ਜਾਂਦੀ ਬੱਸ ਨਦੀ ਵਿੱਚ ਡਿੱਗੀ, 13 ਮੌਤਾਂ



ਇੰਦੌਰ, 19 ਜੁਲਾਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਦੇ ਖਲਘਾਟ ਵਿੱਚ ਕੱਲ੍ਹ ਮਹਾਰਾਸ਼ਟਰ ਰਾਜ ਸੜਕ ਟਰਾਂਸਪੋਰਟ ਨਿਗਮ ਦੀ ਯਾਤਰੀ ਬੱਸ ਬੇਕਾਬੂ ਹੋਣ ਪਿੱਛੋਂ ਪੁਲ ਦੀ ਰੇਲਿੰਗ ਤੋੜ ਕੇ ਨਰਮਦਾ ਨਦੀ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਸਵਾਰ ਸਾਰੇ 13 ਲੋਕਾਂ ਦੀ ਮੌਤ ਹੋ ਗਈ।

ਇਸ ਦੌਰਾਨ ਜਨ ਸੰਪਰਕ ਵਿਭਾਗ ਦੇ ਇੱਕ ਅਫਸਰ ਨੇ ਦੱਸਿਆ ਕਿ ਨੈਸ਼ਨਲ ਹਾਈਵੇ ਨੰਬਰ ਤਿੰਨ (ਆਗਰਾ-ਮੁੰਬਈ ਰੋਡ) ਉੱਤੇ ਹੋਏ ਬੱਸ ਹਾਦਸੇ ਵਿੱਚ ਮਾਰੇ ਗਏ ਵਧੇਰੇ ਯਾਤਰੀ ਮਹਾਰਾਸ਼ਟਰ ਅਤੇ ਰਾਜਸਥਾਨ ਦੇ ਸਨ। ਇਹ ਬੱਸ ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਕੱਲ੍ਹ ਸਵੇਰੇ ਮਹਾਰਾਸ਼ਟਰ ਦੇ ਅਮਲਨੇਰ ਲਈ ਰਵਾਨਾ ਹੋਈ ਸੀ। ਉਥੇ ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਭੋਪਾਲ ਵਿੱਚ ਮੀਡੀਆ ਨੂੰ ਕਿਹਾ ਕਿ ਜਿਹੜੇ ਲੋਕ ਨਦੀ ਤੋਂ ਨਿਕਲ ਕੇ ਭੱਜ ਰਹੇ ਸਨ, ਉਨ੍ਹਾਂ ਨੂੰ ਬਚਿਆ ਹੋਇਆ ਮੰਨਿਆ ਗਿਆ ਸੀ ਪਰ ਤਾਜ਼ਾ ਜਾਣਕਾਰੀ ਮੁਤਾਬਕ ਉਸ ਬੱਸ ਵਿੱਚ 13 ਲੋਕ ਹੀ ਸਨ ਅਤੇ ਉਨ੍ਹਾਂ ਸਾਰਿਆਂ ਦੀ ਮੌਤ ਹੋ ਚੁੱਕੀ ਹੈ ਅਤੇ ਕੋਈ ਵੀ ਜ਼ਿੰਦਾ ਨਹੀਂ ਬਚਿਆ।

# ਪੂਰਬੀ ਲੱਦਾਖ ਵਿਵਾਦ; ਭਾਰਤ-ਚੀਨ ਫ਼ੌਜੀ ਗੱਲਬਾਤ ਬਕਾਇਆ ਮੁੱਦਿਆਂ ਦਾ ਹੱਲ ਲੱਭਣ ਵਿੱਚ ਨਾਕਾਮ ਰਹੀ



ਨਵੀਂ ਦਿੱਲੀ, 19 ਜੁਲਾਈ (ਪੋਸਟ ਬਿਊਰੋ)- ਭਾਰਤ ਅਤੇ ਚੀਨ ਵਿਚਾਲੇ ਚੁਸ਼ੂਲ-ਮੋਲਦੀ ਸਰਹੱਦ ਉੱਤੇ 16ਵੇਂ ਦੌਰ ਦੀ ਫ਼ੌਜੀ ਗੱਲਬਾਤ ਵਿੱਚ ਦੋਵੇਂ ਪੱਖ ਬਕਾਇਆ ਮੁੱਦਿਆਂ ਨੂੰ ਹੱਲ ਕਰਨ ਵਿੱਚ ਕੋਈ ਸਫਲਤਾ ਹਾਸਲ ਕਰਨ ਉੱਤੇ ਨਾਕਾਮ ਰਹੇ, ਪਰ ਜ਼ਮੀਨ ਉੱਤੇ ਸੁਰੱਖਿਆ ਅਤੇ ਸਥਿਰਤਾ ਰੱਖਣ ਲਈ ਆਪਸੀ ਪ੍ਰਵਾਨਤ ਹੱਲ ਉੱਤੇ ਪਹੁੰਚਣ ਲਈ ਗੱਲਬਾਤ ਜਾਰੀ ਰੱਖਣ ਉੱਤੇ ਦੋਵਾਂ ਦੇਸ਼ਾਂ ਵਿੱਚ ਸਹਿਮਤੀ ਫਿਰ ਬਣ ਗਈ ਦੱਸੀ ਜਾਂਦੀ ਹੈ।

ਦੋਵਾਂ ਦੇਸ਼ਾਂ ਵਿਚਾਲੇ ਕਰੀਬ 12 ਘੰਟੇ ਤਕ ਕਮਾਂਡਰ ਪੱਧਰ ਦੀ ਬੈਠਕ ਮਗਰੋਂ ਰੱਖਿਆ ਮੰਤਰਾਲੇ ਨੇ ਕਿਹਾ ਕਿ ਗੱਲਬਾਤ ਵਿੱਚ ਦੋਵਾਂ ਧਿਰਾਂ ਨੇ ਖੇਤਰ ਵਿੱਚ ਅਸਲ ਕੰਟਰੋਲ ਰੇਖਾ ਦੇ ਮੁੱਦਿਆਂ ਦੇ ਹੱਲ ਲਈ ਰਚਨਾਤਮਕ ਤੇ ਦੂਰਦਰਸ਼ੀ ਤਰੀਕੇ ਨਾਲ ਚਰਚਾ ਜਾਰੀ ਰੱਖੀ। ਦੋਵਾਂ ਪੱਖਾਂ ਨੇ ਪੁਸ਼ਟੀ ਕੀਤੀ ਹੈ ਕਿ ਬਾਕੀ ਰਹਿੰਦੇ ਮੁੱਦਿਆਂ ਦੇ ਹੱਲ ਦੇ ਨਾਲ ਪੱਛਮੀ ਖੇਤਰ ਵਿੱਚ ਅਸਲ ਕੰਟਰੋਲ ਰੇਖਾ ਨਾਲ ਸ਼ਾਂਤੀ ਬਹਾਲ ਕਰਨ ਵਿੱਚ ਮਦਦ ਮਿਲੇਗੀ ਤੇ ਦੁਵੱਲੇ ਸੰਬੰਧਾਂ ਵਿੱਚ ਵਿਕਾਸ ਨੂੰ ਸਮੱਰਥ ਬਣਾਇਆ ਜਾ ਸਕੇਗਾ। ਇਸ ਤੋਂ ਬਿਨਾ ਦੋਵੇਂ ਦੇਸ਼ ਸੰਪਰਕ ਵਿੱਚ ਰਹਿਣ ਅਤੇ ਫ਼ੌਜ ਤੇ ਕੂਟਨੀਤਕ ਮਾਧਿਅਮਾਂ ਦੀ ਮਦਦ ਨਾਲ ਗੱਲਬਾਤ ਬਣਾਈ ਰੱਖਣ ਤੇ ਬਾਕੀ ਮੁੱਦਿਆਂ ਦੇ ਹੱਲ ਉੱਤੇ ਜਲਦੀ ਕੰਮ ਕਰਨ ਉੱਤੇ ਸਹਿਮਤ ਹੋਏ।

# ਕੇਰਲ ਵਿੱਚ ਨੀਟ ਦੇ ਦੌਰਾਨ ਵਿਦਿਆਰਥਣਾਂ ਦੇ ਕੱਪੜੇ ਉਤਰਵਾਏ



ਕੋਲਮ, 19 ਜੁਲਾਈ (ਪੋਸਟ ਬਿਊਰੋ)- ਨੈਸ਼ਨਲ ਏਲਿਜੀਬਿਲਿਟੀ ਐਂਟਰੈਂਸ ਟੈਸਟ (ਨੀਟ) ਦੌਰਾਨ ਕੇਰਲ ਵਿੱਚ ਸ਼ਰਮ ਵਾਲੀ ਘਟਨਾ ਵਾਪਰੀ ਹੈ। ਕੋਲਮ ਜ਼ਿਲ੍ਹੇ ਦੀ ਇੱਕ ਨਿੱਜੀ ਸਿੱਖਿਆ ਸੰਸਥਾ ਦੇ ਅੰਦਰਜਾਣ ਤੋਂ ਪਹਿਲਾਂ ਵਿਦਿਆਰਥਣਾਂ ਨੂੰ ਜਾਂਚ ਪ੍ਰਕਿਰਿਆ ਦੇ ਦੌਰਾਨ ਮੈਟਲ ਡਿਟੈਕਸ਼ਨ ਸਟੇਜ ਉੱਤੇਆਪਣੇ ਕੱਪੜੇ ਨੂੰ ਹਟਾਉਣ ਨੂੰ ਕਿਹਾ ਗਿਆ। ਇਸ ਨਾਲ ਵਿਦਿਆਰਥੀਆਂ ਨੂੰ ਮਾਨਸਿਕ ਸਦਮੇ ਦਾ ਸਾਹਮਣਾ ਕਰਨਾ ਪਿਆ।

ਕੇਰਲਾ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਘਟਨਾ ਦੀ ਜਾਂਚ ਦਾ ਆਦੇਸ਼ ਦਿੱਤਾ ਹੈ। ਇਸ ਵਿਹਾਰ ਨੂੰ ਲੈ ਕੇ ਕਈ ਰਾਜਨੀਤਿਕ ਦਲਾਂ ਨੇ ਕੱਲ੍ਹ ਵਿਰੋਧ ਮਾਰਚ ਕੱਢਿਆ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਇਸ ਕੇਸ ਦੀ ਜਾਂਚ ਲਈ ਮਹਿਲਾ ਪੁਲਸ ਅਫਸਰਾਂ ਦੀ ਟੀਮ ਬਣਾਈ ਹੈ, ਜੋ ਪੀੜਤ ਵਿਦਿਆਰਥੀਆਂ ਦੇ ਬਿਆਨ ਲਵੇਗੀ। ਇਸ ਦੇ ਬਾਅਦ ਉਚਿਤ ਕਾਰਵਾਈ ਕੀਤੀ ਜਾਵੇਗੀ।ਇੱਕ ਪੀੜਤ ਵਿਦਿਆਰਥਣ ਦੇ ਪਿਤਾ ਨੇ ਕਿਹਾ ਕਿ ਉਨ੍ਹਾਂ ਦੀ ਬੇਟੀ ਪਹਿਲੀ ਵਾਰ ਇਨ੍ਹਾਂ ਵਿੱਚ ਸ਼ਾਮਲ ਹੋਈ ਸੀ, ਪਰ ਉਸ ਨਾਲ ਜਿਸ ਤਰ੍ਹਾਂ ਵਿਹਾਰ ਹੋਇਆ, ਉਸ ਨੂੰ ਇਹ ਨਹੀਂ ਭੁੱਲ ਰਹੀ। ਲੰਬਾ ਸਮਾਂ ਉਸ ਨੂੰ ਬਿਨਾਂ ਕੱਪੜੇ ਦੇ ਬੈਠਣਾ ਪਿਆ। ਪੁਲਸ ਵਿੱਚ ਸ਼ਿਕਾਇਤ ਦਰਜ ਕਰਾਉਣ ਵਾਲੇ ਇੱਕ ਹੋਰ ਵਿਦਿਆਰਥੀ ਦੇ ਪਿਤਾ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਬੇਟੀ ਨੇ ਮਿਥੀ ਡਰੈਸ ਕੋਡ ਦੇ ਤਹਿਤ ਹੀ ਕੱਪੜੇ ਪਾਏ ਸੀ, ਫਿਰ ਵੀ ਮਨਮਾਨੀ ਕੀਤੀ ਗਈ ਹੈ।




# ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਸੈਂਟਰ ਆਈਲੈਂਡ ਦਾ ਟੂਰ ਲਾਇਆ





ਬਰੈਂਪਟਨ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਲੰਘੇ ਸ਼ਨੀਵਾਰ 16 ਜੁਲਾਈ ਨੂੰ ਸੈਂਟਰ ਆਈਲੈਂਡ ਦਾ ਟੂਰ ਲਾਇਆ ਗਿਆ ਜਿਸ ਦੀ ਅਗਵਾਈ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਵੱਲੋਂ ਕੀਤੀ ਗਈ ਅਤੇ ਇਸ ਦੇ ਸੁਯੋਗ ਪ੍ਰਬੰਧ ਲਈ ਰਾਮ ਪ੍ਰਕਾਸ਼, ਜਗਦੇਵ ਸਿੰਘ ਗਰੇਵਾਲ ਤੇ ਗਿਆਨ ਸਿੰਘ ਸੰਧੂ ਵੱਲੋਂ ਭਰਪੂਰ ਸਹਿਯੋਗ ਪ੍ਰਾਪਤ ਹੋਇਆ।

ਕਲੱਬ ਦੇ ਮੈਂਬਰ ਦੋ ਬੱਸਾਂ ਵਿਚ ਸਵਾਰ ਹੋ ਕੇ ਟੋਰਾਂਟੋ ਡਾਊਨ ਟਾਊਨ ਪਹੁੰਚੇ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਵਾਰਡ ਨੰਬਰ 7-8 ਦੇ ਰਿਜਨਲ ਕੌਂਸਲਰ ਪੈਟ ਫ਼ੋਰਟਿਨੀ ਅਤੇ 24 ਅਕਤੂਬਰ 2022 ਨੂੰ ਹੋ ਰਹੀਆਂ ਬਰੈਂਪਟਨ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਵਾਰਡ ਨੰਬਰ 9-10 ਤੋਂ ਸਕੂਲ-ਟਰੱਸਟੀ ਲਈ ਉਮੀਦਵਾਰ ਸੱਤ ਪਾਲ ਜੌਹਲ ਵੱਲੋਂ ਨਿੱਘੀ ਵਿਦਾਇਗੀ ਤੇ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ। ਇਸ ਮੌਕੇ ਦੋਹਾਂ ਵੱਲੋਂ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰਾਂ ਵੀ ਖਿਚਵਾਈਆਂ ਗਈਆਂ ਅਤੇ ਬੱਸਾਂ ਨੂੰ ਰਵਾਨਾ ਕੀਤਾ ਗਿਆ।

ਦੋਵੇਂ ਬੱਸਾਂ 11.00 ਵਜੇ ਟੋਰਾਂਟੋ ਡਾਊਨ ਟਾਊਨ ਫ਼ੈਰੀ-ਸਟੈਂਡ ਦੇ ਸਾਹਮਣੇ ਪਹੁੰਚ ਗਈਆਂ ਜਿੱਥੋਂ ਫ਼ੈਰੀ ਵਿਚ ਸਵਾਰ ਹੋ ਕੇ ਸਾਰੇ ਮੈਂਬਰ ਸੈਂਟਰ ਆਈਲੈਂਡ ਪਹੁੰਚੇ। ਸਾਰਿਆਂ ਨੇ ਉੱਥੇ ਘੁੰਮ ਫਿਰ ਕੇ ਅਤੇ ਖਾ ਪੀ ਕੇ ਖ਼ੂਬ ਅਨੰਦ ਮਾਣਿਆਂ। ਸਬੱਬ ਨਾਲ ਇਸ ਦਿਨ 'ਹਰੇ ਰਾਮਾ ਹਰੇ ਕ੍ਰਿਸ਼ਨਾ' ਵਾਲਿਆਂ ਦਾ ਸਲਾਨਾ ਮੇਲਾ ਵੀ ਚੱਲ ਰਿਹਾ ਸੀ ਅਤੇ ਕਈ ਮੈਂਬਰ ਇਸ ਵਿਚ ਚੱਲ ਰਹੇ ਸੰਗੀਤ ਦਾ ਕੁਝ ਸਮਾਂ ਲੁਤਫ਼ ਲੈਣ ਵੀ ਚਲੇ ਗਏ। ਔਰਤ ਮੈਂਬਰਾਂ ਨੇ ਇਕੱਠੀਆਂ ਹੋ ਕੇ ਗੀਤ ਗਾਏ ਅਤੇ ਗਿੱਧਾ ਵੀ ਪਾਇਆ। ਸਵਾ ਕੁ ਪੰਜ ਵਜੇ ਸਾਰੇ ਮੈਂਬਰ ਫ਼ੈਰੀ ਸਟੈਂਡ 'ਤੇ ਇਕੱਠੇ ਹੋ ਗਏ ਅਤੇ ਘਰਾਂ ਨੂੰ ਵਾਪਸੀ ਪਾਈ।

ਅਮਰੀਕ ਸਿੰਘ ਕੁਮਰੀਆ ਨੇ ਮੈਂਬਰਾਂ ਨਾਲ ਜਾਣਕਾਰੀ ਸਾਂਝੀ ਕੀਤੀ ਕਿ ਡੌਨ ਮਿਨੇਕਰ ਸੀਨੀਅਰਜ਼ ਕਲੱਬ ਵੱਲੋਂ 14 ਅਗਸਤ ਨੂੰ ਕੈਨੇਡਾ ਡੇਅ ਤੇ ਭਾਰਤ ਦਾ ਆਜ਼ਾਦੀ-ਦਿਵਸ ਇਕੱਠੇ ਹੀ ਮਨਾਏ ਜਾਣਗੇ।









## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769








## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

Looking Suitable Girl for Punjabi Lubhana Sikh boy, 29 Years old, 5"9' height, Canadian Citizen, settled in Toronto. Please contact Ajay at (647) 859-2018

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013









## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੈਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013






## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







# ਟੁੱਟੀ ਹੋਈ ਟੈਂਕੀ ਅਤੇ ਨੇੜੇ ਆਂਗਨਵਾੜੀ ਸੈਂਟਰ ਦੇ ਗਮਲੇ ਸਮੇਤ ਕਾਫੀ ਘਰਾਂ ਵਿੱਚੋ ਡੇਗੂ ਦਾ ਲਾਰਵਾ ਮਿਲਿਆ

## *ਸਿਹਤ ਵਿਭਾਗ ਦੀ ਟੀਮ ਨੇ ਡੇਗੂ ਦਾ ਲਾਰਵਾ ਮੌਕੇ ਤੇ ਕੀਤਾ ਖ਼ਤਮ

ਪਠਾਨਕੋਟ, 19 ਜੁਲਾਈ (ਰਾਜਿੰਦਰ ਸਿੰਘ ਰਾਜਨ)– ਸਿਵਲ ਸਰਜਨ ਪਠਾਨਕੋਟ ਡਾ ਰੁਬਿੰਦਰ ਕੌਰ ਦੇ ਹੁਕਮਾਂ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ: ਸਾਕਸ਼ੀ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਸਥਾਨਕ ਪਠਾਨਕੋਟ ਦੇ ਬਜਰੀ ਕੰਪਨੀ, ਰੇਲਵੇ ਕੁਆਰਟਰ, ਮੁਹੱਲਾ ਕਾਜੀਪੁਰ, ਹਾਊਸਿੰਗ ਬੋਰਡ ਕਲੋਨੀ , ਸ਼ਾਸਤਰੀ ਨਗਰ ਵਿਖੇ ਡੇਂਗੂ ਦੇ ਬਚਾਓ ਵਾਸਤੇ ਸਰਵੇ ਕੀਤਾ। ਇਸ ਦੌਰਾਨ ਟੀਮ ਨੇ ਇਹਨਾਂ ਮੁਹੱਲਿਆ ਵਿਚ ਲਗਪਗ 200 ਦੇ ਕਰੀਬ ਘਰਾਂ ਵਿੱਚ ਗਮਲੇ, ਫਰਿੱਜ ਦੀਆਂ ਬੈਕ ਸਾਈਡ ਦੀਆਂ ਟ੍ਰੇਅ, ਡਰੰਮ, ਟੁੱਟਾ ਭੱਜਾ ਸਾਮਾਨ, ਪਾਣੀ ਵਾਲੀਆਂ ਟੈਂਕੀਆਂ, ਕੂਲਰ ਅਤੇ ਪੰਛੀਆਂ ਦੇ ਪਾਣੀ ਵਾਲੇ ਬਰਤਨ ਆਦਿ ਚੈੱਕ ਕੀਤੇ ।

ਟੀਮ ਨੇ ਰੇਲਵੇ ਕਲੋਨੀ ਵਿਖੇ ਇਕ ਟੁੱਟੀ ਹੋਈ ਟੈਂਕੀ ਅਤੇ ਨੇੜੇ ਆਂਗਨਵਾੜੀ ਸੈਂਟਰ ਦੇ ਗਮਲੇ ਸਮੇਤ ਕਾਫੀ ਘਰਾਂ ਵਿੱਚੋ ਕਾਫੀ ਮਾਤਰਾ ਵਿੱਚ ਡੇਂਗੂ ਦਾ ਲਾਰਵਾ ਮਿਲਿਆ । ਜਿਸ ਨੂੰ ਮੌਕੇ ਤੇ ਟੀਮ ਨੇ ਖ਼ਤਮ ਕਰ ਦਿੱਤਾ । ਇਹਨਾ ਸ਼ਹਿਰ ਦੇ ਇਲਾਕਿਆਂ ਵਿੱਚ ਜ਼ਿਆਦਾ ਲਾਰਵਾ ਮਿਲਣਾ ਖ਼ਤਰੇ ਦੀ ਘੰਟੀ ਹੈ। ਹੈਲਥ ਇੰਸਪੈਕਟਰ ਅਵਿਨਾਸ਼ ਸ਼ਰਮਾ ਅਤੇ ਹੈਲਥ ਇੰਸਪੈਕਟਰ ਰਾਜਿੰਦਰ ਕੁਮਾਰ ਨੇ ਲੋਕਾਂ ਨੂੰ ਵਾਰਨਿੰਗ ਦਿੱਤੀ ਕਿ ਜੇਕਰ ਅੱਗੇ ਤੋਂ ਲਾਰਵਾ ਮਿਲਿਆ ਤਾਂ ਕਾਰਪੋਰੇਸ਼ਨ ਨੂੰ ਨਾਲ ਲੈਕੇ ਚਲਾਨ ਕੱਟੇ ਜਾਣਗੇ। ਸਪਰੇਅ ਟੀਮ ਵੱਲੋਂ ਘਰਾਂ ਦੇ ਅੰਦਰ ਬਾਹਰ ਸਪਰੇਅ ਕੀਤੀ ਗਈ। ਲੋਕਾਂ ਨੂੰ ਡੇਂਗੂ ਦੇ ਬਚਾਅ ਵਾਸਤੇ ਜਾਗਰੂਕ ਕੀਤਾ ਗਿਆ। ਦੱਸਿਆ ਗਿਆ ਕਿ ਡੇਂਗੂ ਦੇ ਬਚਾਅ ਵਾਸਤੇ ਹਰ ਘਰ ਦਾ ਜਾਗਰੂਕ ਹੋਣਾ ਜ਼ਰੂਰੀ ਹੈ । ਇਹ ਵੀ ਦੱਸਿਆ ਗਿਆ ਕਿ ਡੇਂਗੂ ਦਾ ਮੱਛਰ ਹਮੇਸ਼ਾਂ ਦਿਨ ਵੇਲੇ ਕੱਟਦਾ ਹੈ ਅਤੇ ਇਸ ਦੀ ਪਹਿਚਾਣ ਚੀਤੇ ਵਰਗੀਆਂ ਧਾਰੀਆਂ ਤੋਂ ਹੁੰਦੀ ਹੈ। ਇਸ ਕਰਕੇ ਕੱਪੜੇ ਅਜਿਹੇ ਪਹਿਨੋ ਕਿ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ । ਜੇ ਕਿਸੇ ਨੂੰ ਤੇਜ਼ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਲਾਲ ਰੰਗ ਦੇ ਦਾਣੇ, ਅੱਖਾਂ ਦਾ ਪਿਛਲੇ ਪਾਸੇ ਨੂੰ ਧਸ ਜਾਣਾ ਇਸ ਦੀਆਂ ਮੁੱਖ ਨਿਸ਼ਾਨੀਆਂ ਹਨ । ਜੇ ਕਿਸੇ ਨੂੰ ਇਨ੍ਹਾਂ ਵਿੱਚੋਂ ਕੋਈ ਨਿਸ਼ਾਨੀ ਹੈ ਤਾਂ ਤੁਰੰਤ ਸਰਕਾਰੀ ਹਸਪਤਾਲ ਵਿਚ ਇਸ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫਤ ਹੈ।

